MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 38 SATURDAY, 18 SEPTEMBER, 2021
www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਲਿਬਰਲ ਦੀ ਸਥਿਤੀ ਮਜ਼ਬੂਤ ਹੋਈ ਗਰੇਟ ਟੋਰਾਂਟੋ 'ਚ 20 ਅੰਕਾਂ ਦੀ ਲੀਡ

## ਬਾਕੀ ਓਨਟਾਰੀਓ 'ਚ ਕੰਸਰਵੇਟਿਵ ਨਾਲ ਬਰਾਬਰ ਦੀ ਟੱਕਰ



ਓਟਵਾ-ਗਰੇਟਰ ਟੋਰਾਂਟੋ ਇਲਾਕੇ ਵਿਚ 20 ਅੰਕਾਂ ਦੀ ਲੀਡ ਨਾਲ ਕੈਨੇਡਾ ਦੇ ਜ਼ਿਆਦਾ ਸੀਟਾਂ ਵਾਲੇ ਖੇਤਰ ਵਿਚ ਲਿਬਰਲ ਮਜ਼ਬੂਤ ਸਥਿਤੀ ਵਿਚ ਹਨ ਜਦਕਿ ਕੰਸਰਵੇਟਿਵ ਆਪਣਾ ਸਮਰਥਨ ਸੱਜੇ ਪੱਖੀ ਪੀਪਲਜ਼ ਪਾਰਟੀ ਆਫ ਕੈਨੇਡਾ ਨੂੰ ਖੋਹ ਰਹੇ ਹਨ। ਉਪਰੋਕਤ ਸਥਿਤੀ ਦੀ ਗਲੋਬ ਐਂਡ ਮੇਲ ਐਂਡ ਸੀਟੀਵੀ ਲਈ ਕੀਤੇ ਗਏ ਪੰਜ ਦਿਨਾਂ ਦੇ ਚੋਣ ਸਰਵੇਖਣ ਵਿਚ ਸਾਹਮਣੇ ਆਈ ਹੈ। ਨੈਨੋਸ ਰਿਸਰਚ ਦੇ ਫਾਊਂਡਰ ਪੋਲਸਟਰ ਨਿਕ ਨੈਨੋਸ ਦਾ ਕਹਿਣਾ ਕਿ ਚੋਣ ਸਰਵੇਖਣ ਜਿਹੜਾ ਬੁੱਧਵਾਰ ਜਾਰੀ ਕੀਤਾ ਗਿਆ ਤੋਂ ਪਤਾ ਲਗਦਾ ਹੈ ਕਿ ਜੇਕਰ ਅੱਜ ਚੋਣਾਂ ਹੁੰਦੀਆਂ ਹਨ ਤੇ ਲਿਬਰਲ ਘੱਟਗਿਣਤੀ ਸਰਕਾਰ ਬਣਨ ਦੀ ਜ਼ਿਆਦਾ ਸੰਭਾਵਨਾ ਹੈ। ਦੂਸਰੇ ਸਭ ਤੋਂ ਵੱਧ ਸੰਭਾਵਤ ਨਤੀਜੇ ਮੁਤਾਬਿਕ ਕੰਸਰਵੇਟਿਵ ਦੀ ਘੱਟਗਿਣਤੀ ਸਰਕਾਰ ਬਣ ਸਕਦੀ ਹੈ। ਨੈਨੋਸ ਨੇ ਕਿਹਾ ਕਿ ਹੁਣ ਜਦੋਂ ਫੈਡਰਲ ਚੋਣਾਂ ਲਈ ਚੋਣ ਪ੍ਰਚਾਰ ਵਿਚ ਸਿਰਫ ਚਾਰ ਦਿਨ ਬਾਕੀ ਹਨ ਤਾਂ ਚੋਣ ਸਰਵੇਖਣ ਵਿਚ ਇਹ ਵੀ ਪਤਾ ਲੱਗਾ ਕਿ ਦੋਵੇਂ ਮੁੱਖ ਪਾਰਟੀਆਂ ਕਿਥੇ ਕਮਜ਼ੋਰ ਹਨ। ਲਿਬਰਲ ਲਈ ਸਰਕਾਰ ਬਣਾਉਣ ਵਾਸਤੇ ਸਾਰੇ ਤਿੰਨ ਵੱਡੇ ਖੇਤਰ ਓਨਟਾਰੀਓ, ਕਿਊਬਕ ਤੇ ਬੀਸੀ ਜ਼ੋਖ਼ਮ ਵਾਲੇ ਹਨ। ਕੰਸਰਵੇਟਿਵ ਜੀਟੀਏ ਦੀ ਸਰਹੱਦ ਨਾਲ ਲਗਦੇ ਉਪਨਗਰਾਂ ਦੇ ਹਲਕਿਆਂ ਵਿਚ ਲਿਬਰਲਸ ਉਤੇ ਰੈਲੇਟਿਵ ਸਟਰੈਂਥ (ਚੰਗੀ ਰਣਨੀਤੀ) ਨਾਲ ਕਬਜ਼ਾ ਕਰ ਸਕਦੇ ਹਨ। ਬਲੌਕ ਕਿਊਬਕ ਬਹਿਸ ਪਿੱਛੋਂ ਵਧੀਆ ਸਥਿਤੀ ਵਿਚ ਹੈ ਅਤੇ ਬੀਸੀ ਵਿਚ ਤਿੰਨ ਧਿਰੀ ਮੁਕਾਬਲਾ ਹੈ। ਨੈਨੋਸ ਨੇ ਕਿਹਾ ਕਿ ਅੱਜ ਲਿਬਰਲ ਕੋਲ ਬਿਹਤਰ ਮੌਕਾ ਹੈ। ਲਿਬਰਲਸ ਨੂੰ ਰੁਝਾਨ ਪ੍ਰਤੀ ਚਿੰਤਤ ਹੋਣ ਦੀ ਲੋੜ ਹੈ ਜਿਹੜਾ ਇਹ ਦੱਸਦਾ ਹੈ ਕਿ ਕੰਸਰਵੇਟਿਵ *(ਬਾਕੀ ਸਫ਼ਾ 7 'ਤੇ)*


For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਜ਼ਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
604-841-6333

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A
Simpson, Thomas & Associates
TRIAL LAWYERS
CELEBRATING 50 YEARS
"The name that you know and trust"
" Simpson, Thomas & Associates are a legal dream team. No other law firm could have fought this claim as it takes a lot of resources to fight a case of this nature. "
– Former client commenting on the Jago wedding tragedy
B.C.'s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated BBB ACCREDITED BUSINESS
" Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved. "
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 38 SATURDAY, 18 SEPTEMBER, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ
1.00pm to 3:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਖੇਤੀ ਕਨੂੰਨਾਂ ਦਾ ਖਾਕਾ ਬਾਦਲ ਪਰਿਵਾਰ ਨੇ ਹੀ ਤਿਆਰ ਕੀਤਾ-ਨਵਜੋਤ ਸਿੱਧੂ

## ਪੰਜਾਬ ਕਾਂਗਰਸ ਪ੍ਰਧਾਨ ਵਜੋ ਪਹਿਲੀ ਪ੍ਰੈੱਸ ਕਾਨਫਰੰਸ ਕਰਕੇ ਅਕਾਲੀ ਦਲ ਨੂੰ ਲਗਾਏ ਰਗੜੇ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਦਾ ਖਾਕਾ ਬਾਦਲ ਪਰਿਵਾਰ ਨੇ ਹੀ ਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਕੇਂਦਰੀ ਖੇਤੀ ਕਾਨੂੰਨਾਂ ਦੇ ਨਿਰਮਾਤਾ ਵਜੋਂ ਜ਼ੋਰਦਾਰ ਢੰਗ ਨਾਲ ਇਨ੍ਹਾਂ ਖੇਤੀ ਕਾਨੂੰਨਾਂ ਦੀ ਸ਼ਲਾਘਾ ਕੀਤੀ ਪਰ ਜਦੋਂ ਲੋਕਾਂ ਦਾ ਦਬਾਅ ਵਧਿਆ ਤਾਂ ਬਾਦਲਾਂ ਨੂੰ ਇਨ੍ਹਾਂ ਕਾਨੂੰਨਾਂ ਸਬੰਧੀ ਯੂ-ਟਰਨ ਲੈਣਾ ਪਿਆ। ਬਤੌਰ ਪਾਰਟੀ ਪ੍ਰਧਾਨ ਅੱਜ ਆਪਣੀ ਪਹਿਲੀ ਪ੍ਰੈੱਸ ਕਾਨਫ਼ਰੰਸ ਵਿਚ ਉਨ੍ਹਾਂ ਕਿਹਾ ਕਿ ਜਲਦ ਹੀ ਬਾਦਲ ਮੁੜ ਭਾਜਪਾ ਦੀ ਝੋਲੀ ਪੈ ਜਾਣਗੇ।



ਨਵਜੋਤ ਸਿੱਧੂ ਨੇ ਕਿਹਾ ਕਿ ਬਾਦਲ ਸਾਲ 2013 ਵਿੱਚ ਕਿਸਾਨਾਂ ਵਿਰੁੱਧ ਕੰਟਰੈਕਟ ਫਾਰਮਿੰਗ ਬਿੱਲ ਲੈ ਕੇ ਆਏ ਸਨ ਜਿਸ ਵਿਚ ਥੋੜ੍ਹਾ ਜਿਹਾ ਬਦਲਾਅ ਕਰ ਕੇ ਕੇਂਦਰ ਸਰਕਾਰ ਨੇ ਉਸ ਬਿੱਲ ਨੂੰ ਨਵੇਂ ਕੇਂਦਰੀ ਖੇਤੀ ਕਾਨੂੰਨਾਂ ਦਾ ਰੂਪ ਦੇ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਕੰਟਰੈਕਟ ਫਾਰਮਿੰਗ ਕਾਨੂੰਨ ਅਤੇ ਕੇਂਦਰੀ ਖੇਤੀ ਕਾਨੂੰਨਾਂ ਵਿਚਾਲੇ ਸਬੰਧ ਜੋੜਨ ਲਈ ਕਈ ਧਾਰਾਵਾਂ ਦਾ ਹਵਾਲਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਪਹਿਲਾਂ ਪੰਜਾਬ ਵਿਚ ਇਹ ਕਾਨੂੰਨ ਲਾਗੂ ਕਰ ਕੇ ਖ਼ੁਦ ਤਜਰਬਾ ਕੀਤਾ ਅਤੇ ਮਗਰੋਂ ਭਾਜਪਾ ਦਾ ਸਾਥ ਦੇ ਕੇ ਪੂਰੇ ਦੇਸ਼ ਵਿਚ ਖੇਤੀ ਕਾਨੂੰਨ ਲਾਗੂ ਕਰਵਾਏ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਕਿਹਾ ਕਿ ਖੇਤੀ ਕਾਨੂੰਨਾਂ ਬਾਰੇ ਪੰਜਾਬ ਸਰਕਾਰ ਵੱਲੋਂ ਸੱਦੀ ਗਈ ਸਰਬ-ਪਾਰਟੀ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੇਤੀ ਕਾਨੂੰਨਾਂ ਦੀ ਹਮਾਇਤ ਕੀਤੀ। ਉਸ ਮਗਰੋਂ ਪਹਿਲਾਂ ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਵੀਡੀਓਜ਼

*(ਬਾਕੀ ਸਫ਼ਾ 18 'ਤੇ)*

## ਸਿੱਧੂ ਲੋਕਾਂ ਨੂੰ ਮੂਰਖ ਬਣਾਉਣ ਦਾ ਯਤਨ ਨਾ ਕਰਨ-ਡਾ: ਚੀਮਾ



ਰੂਪਨਗਰ-ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਅੱਜ ਇੱਥੇ ਕਿਹਾ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਪੁਰਾਣੇ ਮੁੱਦੇ ਚੁੱਕ ਕੇ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਨਾ ਕਰਨ। ਉਨ੍ਹਾਂ ਕਿਹਾ ਕਿ ਜੇ ਸਿੱਧੂ ਕਿਸਾਨਾਂ ਦੀ ਮਦਦ ਲਈ ਸੰਜੀਦਾ ਹਨ ਤਾਂ ਉਹ ਆਪਣੀ ਹੀ ਸਰਕਾਰ ਵੱਲੋਂ 2017 ਵਿੱਚ ਸੋਧੇ ਗਏ ਏਪੀਐੱਮਸੀ ਐਕਟ ਰੱਦ ਕਰਵਾਉਣ ਦੀ ਦਲੇਰੀ ਦਿਖਾਉਣ। ਚੀਮਾ ਅਨੁਸਾਰ ਸਿੱਧੂ ਵੱਲੋਂ ਅੱਜ ਕੀਤੀ ਗਈ ਬਿਆਨਬਾਜ਼ੀ ਦਰਸਾਉਂਦੀ ਹੈ ਕਿ ਉਹ ਮੁੱਖ ਮੰਤਰੀ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਜਾਗ ਗਏ ਹਨ ਤੇ ਉਨ੍ਹਾਂ ਨੂੰ ਖੇਤੀ ਕਾਨੂੰਨਾਂ ਕਾਰਨ ਪੰਜਾਬ ਵਿੱਚ ਹੋ ਰਹੇ ਨੁਕਸਾਨ ਬਾਰੇ ਦੋ ਦਿਨ ਪਹਿਲਾਂ ਹੀ ਪਤਾ ਲੱਗਾ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸੋਸ਼ਲ ਮੀਡੀਆ ਪੋਸਟਾਂ 'ਤੇ ਸਖ਼ਤ ਪ੍ਰਤੀਕਿਰਿਆ ਪਿੱਛੋਂ ਐਨ.ਡੀ.ਪੀ. ਦੇ ਦੋ ਉਮੀਦਵਾਰਾਂ ਵਲੋਂ ਅਸਤੀਫ਼ਾ

ਓਟਵਾ-ਸੋਸ਼ਲ ਮੀਡੀਆ ਪੋਸਟਾਂ ਵਿਚ ਸਖਤ ਪ੍ਰਤੀਕਿਰਿਆ ਪਿੱਛੋਂ ਐਨਡੀਪੀ ਦੇ ਦੋ ਉਮੀਦਵਾਰਾਂ ਡੈਨ ਓਸਬੋਰਨ ਤੇ ਸਿਡਨੀ ਕੋਲਜ਼ ਨੇ ਅਸਤੀਫਾ ਦੇ ਦਿੱਤਾ ਹੈ। ਐਨਡੀਪੀ ਦੇ ਨੇਤਾ ਜਗਮੀਤ ਸਿੰਘ ਦਾ ਕਹਿਣਾ ਕਿ ਉਸ ਦੀ ਪਾਰਟੀ ਦੇ ਦੋ ਉਮੀਦਵਾਰਾਂ ਓਸਬੋਰਨ ਤੇ ਕੋਲਜ਼ ਜਿਨ੍ਹਾਂ ਨੇ ਅਸਤੀਫਾ ਦਿੱਤਾ ਹੈ ਵਲੋਂ ਐਂਟੀਸੇਮਟਿਕ ਟਿੱਪਣੀਆਂ( ਯਹੂਦੀਆਂ ਵਿਰੋਧੀ) ਪੂਰੀ ਤਰ੍ਹਾਂ ਗਲਤ ਸਨ। ਓਨਟਾਰੀਓ ਵਿਚ ਅਸੈਕਸ ਵਿਚ ਚੋਣ ਪ੍ਰਚਾਰ ਦੌਰਾਨ ਸਿੰਘ ਨੇ ਕਿਹਾ ਕਿ ਐਂਟੀਸੈਮਿਟਿਜ਼ਮ ਹਕੀਕਤ ਹੈ। ਅਸੀਂ



ਐਂਟੀਸੇਮਿਟਿਜ਼ਮ ਵਿਚ ਡਰ ਦਾ ਵਾਧਾ ਦੇਖ ਰਹੇ ਹਨ ਅਤੇ ਅਸੀਂ ਸਪਸ਼ਟ ਰੂਪ ਵਿਚ ਇਸ ਦਾ ਵਿਰੋਧ ਕਰ ਰਹੇ ਹਾਂ ਅਤੇ ਅਸੀਂ ਇਸ ਦਾ ਸਾਹਮਣਾ ਕਰਾਂਗੇ। ਪਾਰਟੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਨੋਵਾ ਸਕੋਸ਼ੀਆ ਵਿਚ ਕੁੰਬਰਲੈਂਡ-ਕੋਲਚੇਸਟਰ ਹਲਕੇ ਤੋਂ ਉਮੀਦਵਾਰ ਡੈਨ ਓਸਬੋਰਨ ਤੇ ਟੋਰਾਂਟੋ-ਸੇਂਟ ਪੌਲਸ ਤੋਂ ਉਮੀਦਵਾਰ ਸਿਡਨੀ ਕੋਲਜ਼ ਨੇ ਆਪਣਾ ਚੋਣ ਪ੍ਰਚਾਰ ਖਤਮ ਕਰ ਦਿੱਤਾ ਹੈ ਅਤੇ ਆਪਣੇ ਆਪ ਨੂੰ ਐਂਟੀਸੇਮਿਟਿਜ਼ਮ ਬਾਰੇ ਹੋਰ ਸਿੱਖਿਅਤ ਕਰਨ ਲਈ ਸਹਿਮਤ ਹੋ ਗਏ ਹਨ। ਸਿੰਘ ਨੇ ਕਿਹਾ ਕਿ ਐਂਟੀਸੇਮਿਟਿਜ਼ਮ ਦੀ ਉਨ੍ਹਾਂ ਦੀ ਪਾਰਟੀ ਵਿਚ ਕੋਈ ਥਾਂ ਨਹੀਂ ਅਤੇ ਉਮੀਦਵਾਰਾਂ ਨੇ ਅਸਤੀਫਾ ਦੇਣ ਦਾ ਸਹੀ ਫ਼ੈਸਲਾ ਲਿਆ ਹੈ।






## 58 ਲੱਖ ਕੈਨੇਡੀਅਨਾਂ ਨੇ ਵੋਟ ਪਾਉਣ ਲਈ ਪੇਸ਼ਗੀ ਪੋਲਿੰਗ ਦੀ ਕੀਤੀ ਵਰਤੋਂ




ਓਟਵਾ-ਇਨ੍ਹਾਂ ਫੈਡਰਲ ਚੋਣਾਂ ਵਿਚ ਲਗਪਗ 58 ਲੱਖ ਵਿਅਕਤੀਆਂ ਨੇ ਪੋਲਿੰਗ ਲਈ ਆਪਣੇ ਵੋਟ ਪੇਸ਼ਗੀ ਵਿਚ ਪਾਉਣ ਦਾ ਲਾਭ ਲਿਆ ਹੈ। ਇਲੈਕਸ਼ਨ ਕੈਨੇਡਾ ਮੁਤਾਬਿਕ 5.78 ਮਿਲੀਅਨ ਕੈਨੇਡੀਅਨ ਪਹਿਲਾਂ ਹੀ ਵੋਟ ਪਾ ਚੁੱਕੇ ਹਨ ਅਤੇ ਇਹ 2019 ਦੀ ਚੋਣਾਂ ਨਾਲੋਂ 18.5 ਫ਼ੀਸਦੀ ਅਤੇ 2015 ਦੀਆਂ ਚੋਣਾਂ ਨਾਲੋਂ 57 ਫ਼ੀਸਦੀ ਵੱਧ ਹਨ। ਮੁੱਖ ਚੋਣ ਅਫਸਰ ਸਟੇਫਨੇ ਪੇਰੌਲਟ ਨੇ ਇਕ ਨਿਊਜ਼ ਰਿਲੀਜ਼ ਵਿਚ ਕਿਹਾ ਕਿ ਉਹ ਉਨ੍ਹਾਂ ਵੋਟਰਾਂ ਦਾ ਉਨ੍ਹਾਂ ਦੇ ਸਬਰ ਲਈ ਧੰਨਵਾਦ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਪੇਸ਼ਗੀ ਚੋਣ ਦਾ ਲਾਭ ਲਿਆ ਅਤੇ ਹਰੇਕ ਲਈ ਸੁਰੱਖਿਅਤ ਤਜਰਬਾ ਬਣਾਉਣ ਵਿਚ ਮਦਦ ਕੀਤੀ। ਉਹ ਇਸ ਨੂੰ ਸੰਭਵ ਬਣਾਉਣ ਲਈ ਹਜ਼ਾਰਾਂ ਚੋਣ ਵਰਕਰਾਂ ਦਾ ਵੀ ਧੰਨਵਾਦ ਕਰਦੇ ਹਨ। ਕੈਨੇਡੀਅਨਾਂ ਕੋਲ ਚੋਣਾਂ ਵਾਲੇ ਦਿਨ ਵੋਟਿੰਗ ਕਰਕੇ ਜਾਂ 20 ਸਤੰਬਰ ਦੀ ਸਮੇ ਸੀਮਾ ਤੋਂ ਪਹਿਲਾਂ ਆਪਣਾ ਵਿਸ਼ੇਸ਼ ਬੈਲਟ ਵਾਪਸ ਕਰਕੇ ਇਸ ਮਹਾਨ ਲੋਕਤੰਤਰੀ ਪ੍ਰਕਿਰਿਆ ਵਿਚ ਯੋਗਦਾਨ ਪਾਉਣ ਦਾ ਮੌਕਾ ਹੈ।

## ਪੀਪਲਜ ਪਾਰਟੀ ਆਫ ਕੈਨੇਡਾ ਚੋਣਾਂ ਵਿਚ ਦੂਸਰੀਆਂ ਪਾਰਟੀਆਂ ਦੀ ਖੇਡ ਵਿਗਾੜ ਸਕਦੀ ਹੈ-ਨੈਨੋਜ

ਟੋਰਾਂਟੋ-ਜਦੋਂ ਦੀ ਫੈਡਰਲ ਚੋਣਾਂ ਸ਼ੁਰੂ ਹੋਈਆਂ ਹਨ ਉਸ ਸਮੇਂ ਤੋਂ ਪੀਪਲਜ਼ ਪਾਰਟੀ ਕੈਨੇਡਾ ਦਾ ਆਧਾਰ ਸਮੁੱਚੇ ਦੇਸ਼ ਵਿਚ ਲਗਾਤਾਰ ਵਧਿਆ ਹੈ ਅਤੇ ਉੱਘੇ ਚੋਣ ਪੋਲਸਟਰ ਨਿਕ ਨੈਨੋਸ ਨੇ ਕਿਹਾ ਕਿ ਇਹ ਦੂਸਰੀਆਂ ਪਾਰਟੀਆਂ ਦੀ ਖੇਡ ਵਿਗਾੜ ਸਕਦੀ ਹੈ। ਨੈਨੋਸ ਵਲੋਂ ਸੀਟੀਵੀ ਤੇ ਦੀ ਗਲੋਬਲ ਐਂਡ ਮੇਲ ਲਈ ਕੀਤੇ ਚੋਣ ਸਰਵੇਖਣ ਮੁਤਾਬਿਕ ਪੀਪੀਸੀ ਨੇ ਦੇਸ਼ ਭਰ ਵਿਚ ਆਧਾਰ ਮਜ਼ਬੂਤ ਕੀਤਾ ਹੈ ਪਰ ਬ੍ਰਿਟਿਸ਼ ਕੋਲੰਬੀਆ ਤੇ ਓਨਟਾਰੀਓ ਵਿਚ ਨਾਟਕੀ ਢੰਗ ਨਾਲ ਇਸ ਦਾ ਆਧਾਰ ਵਧਿਆ ਹੈ। ਚੋਣ ਪ੍ਰਚਾਰ ਦੇ ਸ਼ੁਰੂਆਤ ਦੀ ਤੁਲਾਨਾ ਵਿਚ ਪੀਪਲਜ਼ ਪਾਰਟੀ ਜ਼ਿਆਦਾ ਸਮਰਥਨ ਪ੍ਰਾਪਤ ਕਰ ਰਹੀ ਹੈ। ਉਹ ਚੋਣ ਹਲਕਿਆਂ ਵਿਚ ਜਿੱਤਣ ਦੀ ਸਥਿਤੀ ਵਿਚ ਤਾਂ ਨਹੀਂ ਪਰ ਉਹ ਦੂਸਰੀਆਂ ਪਾਰਟੀਆਂ ਦੇ ਚੋਣ ਨਤੀਜਿਆਂ ਨੂੰ ਪ੍ਰਭਾਵਤ ਕਰ ਸਕਦੀ ਹੈ। ਨੈਨੋਸ ਨੇ ਕਿਹਾ ਕਿ ਪਾਰਟੀ ਦੇ ਇਕੋ ਇਕ ਸੀਟ ਜਿੱਤਣ ਦੀ ਵਧੇਰੇ ਸੰਭਾਵਨਾ ਹੈ ਉਹ ਵੀ ਮੈਕਸੀਮ ਬੇਰਨੀਰ ਦੀ ਕਿਊਬਕ ਵਿਚ ਆਪਣੀ ਸੀਟ ਬਿਊਸ ਹੈ ਜਿਥੋਂ ਉਹ ਪਿਛਲੇ ਸਮੇਂ ਵਿਚ ਜਿੱਤਦਾ ਰਿਹਾ ਹੈ। ਉਹ 2006 ਤੋਂ ਇਸ ਸੀਟ ਤੋਂ ਜਿੱਤ ਹਾਸਲ ਕਰਦਾ ਰਿਹਾ ਹੈ ਪਰ 2019 ਵਿਚ ਹਾਰ ਗਿਆ ਸੀ। ਨੈਨੋਸ ਤੇ ਦੂਸਰੇ ਰਾਜਸੀ ਪੰਡਿਤਾਂ ਦਾ ਕਹਿਣਾ ਕਿ ਪੀਪਲਜ਼ ਪਾਰਟੀ ਦੀ ਲੋਕਪ੍ਰਿਯਤਾ ਉਸ ਦੇ ਸਰਕਾਰ ਵਲੋਂ ਕੋਵਿਡ-19 ਟੀਕਾ ਦੇ ਲਾਗੂ ਕੀਤੇ ਹੁਕਮਾਂ ਅਤੇ ਪਾਸਪੋਰਟਾਂ ਖਿਲਾਫ ਲਏ ਖੁਲ੍ਹੇ ਸਟੈਂਡ ਕਾਰਨ ਵਧੀ ਹੈ।









# ਟਰੂਡੋ ਵਲੋਂ ਵੱਡੀ ਇਨਡੋਰ ਚੋਣ ਰੈਲੀ 'ਚ ਕੋਵਿਡ ਨਿਯਮਾਂ ਦੀ ਉਲੰਘਣਾ ਤੋਂ ਬਚਾਅ

ਮਾਂਟਰੀਅਲ-ਲਿਬਰਲ ਨੇਤਾ ਜਸਟਿਨ ਟਰੂਡੋ ਨੇ ਬਰੈਂਪਟਨ (ਓਨਟਾਰੀਓ) ਵਿਚ ਕੀਤੀ ਵੱਡੀ ਇਨਡੋਰ ਚੋਣ ਰੈਲੀ ਦਾ ਬਚਾਅ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਜਨਤਕ ਸਿਹਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਹੈ। ਮੰਗਲਵਾਰ ਦੇ ਸ਼ਾਮ ਦੇ ਸਮਾਗਮ ਵਿਖੇ ਸਟੇਜ ਦੁਆਲੇ ਸੈਂਕੜੇ ਲੋਕ ਮੌਜੂਦ ਸਨ ਜਿਥੇ ਉਨ੍ਹਾਂ ਨੇ 87 ਸਾਲਾ ਸਾਬਕਾ ਪ੍ਰਧਾਨ ਮੰਤਰੀ ਜੀਨ ਕ੍ਰੇਟੀਅਨ ਨੂੰ ਪੇਸ਼ ਕੀਤਾ। ਪ੍ਰਬੰਧਕਾਂ ਵਲੋਂ ਲੋਕਾਂ ਨੂੰ ਜ਼ਮੀਨ 'ਤੇ ਖਿਲਰ ਕੇ ਖੜੇ ਹੋਣ ਲਈ ਕਹੇ ਜਾਣ ਦੇ ਬਾਵਜੂਦ ਸਮਾਗਮ ਦੇ ਖਤਮ ਹੋਣ ਸਮੇਂ ਸਮਰਥਕ ਟਰੂਡੋ ਦੁਆਲੇ ਇਕੱਠੇ ਹੋ ਗਏ। ਲਿਬਰਲ ਸਟਾਫ ਮੈਂਬਰਾਂ ਨੇ ਕਿਹਾ ਕਿ ਸਮਾਗਮ ਵਿਚ ਲਗਪਗ 400 ਵਿਅਕਤੀ ਸਨ ਅਤੇ ਇਕੱਠ ਨੇ ਇਨਡੋਰ ਅੱਧੀ ਸਮਰਥਾ ਰੱਖਣ ਦੇ ਕੋਵਿਡ-19 ਨਿਯਮਾਂ ਦੀ ਪਾਲਣਾ ਕੀਤੀ। ਟਰੂਡੋ ਨੂੰ ਇਕ ਵੱਡਾ ਇਨਡੋਰ ਸਮਾਗਮ ਕਰਨ ਦੀ ਸਿਆਣਪ ਬਾਰੇ ਪੁੱਛਿਆ ਗਿਆ ਸੀ ਜਿਸ ਵਿਚ 100 ਸਾਲਾ ਮਿਸਸੌਗਾ ਦਾ ਸਾਬਕਾ ਮੇਅਰ ਹੇਜ਼ਲ ਮੈਕਕੈਲਨ ਵੀ ਸ਼ਾਮਿਲ ਹੋਏ ਸਨ।

# ਸਿਹਤ ਮਾਹਿਰਾਂ ਵਲੋਂ ਅਸਤੀਫੇ ਦੀ ਮੰਗ ਕਾਰਨ ਅਲਬਰਟਾ ਦੇ ਪ੍ਰੀਮੀਅਰ ਕੈਨੀ 'ਤੇ ਦਬਾਅ ਵਧਿਆ

ਕੈਲਗਰੀ-ਪ੍ਰੀਮੀਅਰ ਜੈਸਨ ਕੈਨੀ ਵਲੋਂ ਕੋਵਿਡ-19 ਮਹਾਂਮਾਰੀ ਨਾਲ ਨਜਿੱਠਣ ਨੂੰ ਲੈ ਕੇ ਉਨ੍ਹਾਂ ਦੀ ਆਲੋਚਨਾ ਵਧ ਰਹੀ ਹੈ। ਹੈਲਥ ਬਾਰੇ ਚੀਫ਼ ਮੈਡੀਕਲ ਅਫਸਰ ਡਾ. ਦੀਨਾ ਹਿੰਸ਼ਾਅ ਵਲੋਂ ਇਹ ਸਵੀਕਾਰ ਕਰਨ ਕਿ ਗਰਮੀਆਂ ਵਿਚ ਮਹਾਂਮਾਰੀ ਪਾਬੰਦੀਆਂ ਚੁੱਕਣਾ ਗਲਤੀ ਸੀ ਪਿੱਛੋਂ ਡਾਕਟਰਾਂ ਤੇ ਮਾਹਿਰਾਂ ਵਲੋਂ ਪ੍ਰੀਮੀਅਰ ਤੋਂ ਅਸਤੀਫੇ ਦੀ ਮੰਗ ਤੇਜ਼ ਹੋ ਗਈ ਹੈ। ਅਸਤੀਫੇ ਦਾ ਦਬਾਅ ਉਸ ਸਮੇਂ ਵਧਿਆ ਜਦੋਂ ਅਲਬਰਟਾ ਦੇ ਇੰਟੈਂਸਿਵ ਕੇਅਰ ਯੂਨਿਟਾਂ ਵਿਚ ਕੋਵਿਡ-19 ਦੇ ਮਰੀਜ਼ਾਂ ਦੀ ਗਿਣਤੀ ਰਿਕਾਰਡ ਪੱਧਰ 'ਤੇ ਪਹੁੰਚ ਗਈ ਹੈ। ਪ੍ਰੀਮੀਅਰ ਨੇ ਅਜੇ ਆਲੋਚਨਾ ਦਾ ਜਵਾਬ ਦੇਣਾ ਹੈ। ਜਦੋਂ ਦਾ 3 ਸਤੰਬਰ ਨੂੰ ਪ੍ਰੀਮੀਅਰ ਨੇ 100 ਡਾਲਰ ਟੀਕਾ ਇੰਸੈਂਟਿਵ ਦਾ ਐਲਾਨ ਕੀਤਾ ਹੈ ਉਸ ਪਿੱਛੋਂ ਕੈਨੀ ਨੇ ਸੂਬੇ ਨੂੰ ਸੰਬੋਧਨ ਨਹੀਂ ਕੀਤਾ ਜਾਂ ਮੀਡੀਆ ਦੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਪ੍ਰੀਮੀਅਰ ਨੇ ਫੋਰਟ ਮੈਕਮੁਰੇ ਵਿਚ ਤੇਲ ਤੇ ਗੈਸ ਕਾਨਫਰੰਸ ਵਿਖੇ ਸੰਬੋਧਨ ਕਰਨਾ ਸੀ ਪਰ ਇਸ ਨੂੰ ਰੱਦ ਕਰ ਦਿੱਤਾ ਗਿਆ। ਇਸ ਦੀ ਬਜਾਏ ਕੈਨੀ ਨੇ ਆਪਣੀ ਕੋਵਿਡ-19 ਕੈਬਨਿਟ ਕਮੇਟੀ ਦੀ ਐਮਰਜੈਂਸੀ ਮੀਟਿੰਗ ਸੱਦ ਲਈ। ਐਮਆਰਯੂ ਵਿਖੇ ਰਾਜਸੀ ਵਿਗਿਆਨੀ ਡੁਆਨੇ ਬਰੈਟ ਨੇ ਪ੍ਰੀਮੀਅਰ ਦੀ ਮਹਾਂਮਾਰੀ ਲੀਡਰਸ਼ਿਪ 'ਤੇ ਸਵਾਲ ਉਠਾਉਂਦੇ ਹੋਏ ਪੁੱਛਿਆ ਕਿ ਯੂਸੀਪੀ ਨੂੰ ਇਕੱਠੇ ਰੱਖਣ ਲਈ ਹੋਰ ਕਿੰਨੇ ਅਲਬਰਟਾ ਵਾਸੀਆਂ ਦੀਆਂ ਜਾਨਾਂ ਨੂੰ ਖ਼ਤਰੇ ਵਿਚ ਪਾਉਣ ਦੀ ਲੋੜ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਕੈਨੀ ਦੀ ਲੀਡਰਸ਼ਿਪ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਉਹ ਉਨ੍ਹਾਂ ਲੱਖਾਂ ਅਲਬਰਟਾ ਵਾਸੀਆਂ ਲਈ ਮਾੜਾ ਮਹਿਸੂਸ ਕਰਦੇ ਹਨ ਜਿਨ੍ਹਾਂ ਨੇ ਮੁਕੰਮਲ ਟੀਕਾਕਰਣ ਕਰਵਾਇਆ ਹੈ।



# ਸੇਫ ਸਰੀ ਕੁਲੀਸ਼ਨ ਨੇ ਪੁਲਿਸ ਟਰਾਂਜ਼ੀਸ਼ਨ ਦੇ ਲਾਈਨ ਟੂ ਲਾਈਨ ਹਿਸਾਬ ਬਾਰੇ ਮਤੇ ਨੂੰ ਰੱਦ ਕੀਤਾ

ਸਰੀ-ਕੌਂਸਿਲ ਵਿਚ ਬਹੁਮਤ ਵਾਲੀ ਸੇਫ ਸਰੀ ਕੁਲੀਸ਼ਨ ਨੇ ਕੌਂਸਲਰ ਬਰੇਂਡਾ ਲੋਕੇ ਦਾ ਮਤੇ ਨੂੰ ਹਰਾ ਦਿੱਤਾ ਜਿਸ ਵਿਚ 2022 ਦੇ ਸ਼ਹਿਰੀ ਬਜਟ ਵਿਚ ਪੰਕਤੀ-ਦਰ-ਪੰਕਤੀ ਸਰੀ ਵਿਚ ਸਾਰੇ ਪੁਲਿਸ ਖਰਚਿਆਂ ਨੂੰ ਦਰਜ ਕਰਨ ਦਾ ਸੱਦਾ ਦਿੱਤਾ ਸੀ। ਲੋਕੇ ਨੇ ਜੁਲਾਈ ਵਿਚ ਆਪਣਾ ਮਤਾ ਪੇਸ਼ ਕਰਕੇ ਕਿਹਾ ਸੀ ਕਿ ਇਸ ਨਾਲ ਸਰੀ ਵਾਸੀਆਂ ਨੂੰ ਬਹੁਤ ਹੀ ਸਹੀ ਤੇ ਪਾਰਦਰਸ਼ੀ ਜਾਣਕਾਰੀ ਮਿਲੇਗੀ ਕਿ ਉਨ੍ਹਾਂ ਦੇ ਟੈਕਸਾਂ ਦਾ ਪੈਸਾ ਕਿਥੇ ਤੇ ਕਿਵੇਂ ਖਰਚਿਆ ਜਾ ਰਿਹਾ ਹੈ। ਉਸ ਨੇ ਕਿਹਾ ਕਿ ਹਰ ਇਕ ਨੂੰ ਪਤਾ ਹੈ ਕਿ ਇਹ ਸੰਭਾਵਤ ਸਭ ਤੋਂ ਵੱਡਾ ਜਾਂ ਸ਼ਹਿਰ ਸਰੀ ਵਲੋਂ ਚਲਾਏ ਜਾ ਰਹੇ ਵੱਡੇ ਪ੍ਰਾਜੈਕਟਾਂ ਵਿਚੋਂ ਇਕ ਹੈ ਜਿਸ ਕਾਰਨ ਇਸ ਦੇ ਨਾਲ ਬਹੁਤ ਸਾਰਾ ਵਿਵਾਦ ਵੀ ਜੁੜਿਆ ਹੋਇਆ ਹੈ। ਮੇਰਾ ਖਿਆਲ ਹੈ ਕਿ ਵਿੱਤੀ ਹਿੱਸਾ ਉਹ ਚੀਜ਼ ਹੈ ਜਿਸ ਦੇ ਸ਼ਹਿਰ ਵਾਸੀ ਸੱਚਮੁੱਚ ਵਧੀਆ ਪ੍ਰਬੰਧ ਦੇ ਹੱਕਦਾਰ ਹਨ ਅਤੇ ਉਸ ਦਾ ਖਿਆਲ ਹੈ ਕਿ ਇਹ ਮਹੱਤਵਪੂਰਣ ਹੈ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਟਰਾਂਜ਼ੀਸ਼ਨ ਨਾਲ ਕੀ ਹੋ ਰਿਹਾ ਹੈ। ਕੌਂਸਲਰ ਲਿੰਡਾ ਐਨਿਸ ਨੇ ਮਤੇ ਦਾ ਜੀ ਜਾਨ ਨਾਲ ਸਮਰਥਨ ਕੀਤਾ ਕਿਉਂਕਿ ਲੋਕਾਂ ਨੂੰ ਜਾਣਕਾਰੀ ਨਹੀਂ ਕਿ ਟਰਾਂਜ਼ੀਸ਼ਨ ਦੀ ਕੀ ਲਾਗਤ ਹੋਵੇਗੀ।

SafeSurrey Coalition

ਸ. ਮੈਹਿੰਗਾ ਸਿੰਘ ਸਰਾਫ ਮੁੱਲਾਂਪੁਰ ਵਾਲੇ

S & S Jewellers Ltd.



Authorized Dealer
20% OFF SEIKO, PULSAR ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421


ਸਪੈਸ਼ਲ ਸੇਲ!
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch






# ਲਿਬਰਲ ਦੀ ਸਥਿਤੀ ਮਜ਼ਬੂਤ ਹੋਈ

[ਸਫ਼ਾ 3 ਦੀ ਬਾਕੀ]

ਨੇਤਾ ਐਰਿਨ ਓਟੂਲ ਤਰਜੀਹੀ ਪ੍ਰਧਾਨ ਮੰਤਰੀ ਰੈਂਕਿੰਗਸ ਹਾਸਲ ਕਰ ਰਿਹਾ ਹੈ। ਜੇਕਰ ਵਧ ਰਹੀ। ਸੱਜੇ ਪੱਖੀ ਪਾਰਟੀ ਨਾਲ ਵੋਟਾਂ ਦੀ ਵੰਡ ਨਾ ਹੁੰਦੀ ਤਾਂ ਕੰਸਰਵੇਟਿਵ ਨੇ 20 ਸਤੰਬਰ ਦੀਆਂ ਵੋਟਾਂ ਪਿੱਛੋਂ ਸਰਕਾਰ ਬਣਾਉਣ ਲਈ ਬਿਹਤਰ ਸਥਿਤੀ ਵਿਚ ਹੋਣਾ ਸੀ। ਕੰਸਰਵੇਟਿਵ ਲੀਡਰਸ਼ਿਪ ਲਈ ਅਸਫਲ ਦਾਅਵੇਦਾਰ ਮੈਕਸੀਮ ਬੇਰਨੀਅਰ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ ਕੈਨੇਡਾ ਦੀ ਇਨ੍ਹਾਂ ਚੋਣਾਂ ਵਿਚ ਮੁੱਖ ਰੂਪ ਵਿਚ ਓਨਟਾਰੀਓ ਤੇ ਬੀਸੀ ਵਿਚ ਸਮਰਥਨ ਵਧਿਆ ਹੈ। ਬੇਰਨੀਅਰ ਦੀ ਪਾਰਟੀ ਨੂੰ ਬੀਸੀ ਅਤੇ ਪ੍ਰੇਰੀਜ਼ ਵਿਚ 8 ਫ਼ੀਸਦੀ ਤੇ ਓਨਟਾਰੀਓ ਵਿਚ 7 ਫ਼ੀਸਦੀ ਸਮਰਥਨ ਹਾਸਲ ਹੈ।

## ਜੀ.ਟੀ.ਏ. ਵਿਚ ਲਿਬਰਲ ਅੱਗੇ-ਬਾਕੀ ਓਨਟਾਰੀਓ ਵਿਚ ਬਰਾਬਰ ਮੁਕਾਬਲਾ

ਚੋਣ ਸਰਵੇਖਣ ਮੁਤਾਬਿਕ ਜੀਟੀਏ ਵਿਚ ਲਿਬਰਲਸ ਨੂੰ ਕੰਸਰਵੇਟਿਵਸ ਦੇ 27 ਫ਼ੀਸਦੀ, ਐਨਡੀਪੀ 18, ਪੀਪਲਜ ਪਾਰਟੀ 6 ਅਤੇ ਗਰੀਨ ਦੇ 2 ਫ਼ੀਸਦੀ ਦੇ ਮੁਕਾਬਲੇ 47 ਫ਼ੀਸਦੀ ਵੋਟਰਾਂ ਦਾ ਸਮਰਥਨ ਹਾਸਲ ਹੈ। ਜੀਟੀਏ ਵਿਚ ਟੋਰਾਂਟੋ ਤੇ ਰੀਜਨਲ ਮਿਉਂਸਪਲਟੀਆਂ ਡਰਹਮ, ਹਾਲਟਨ, ਪੀਲ ਤੇ ਯੌਰਕ ਸ਼ਾਮਿਲ ਹਨ। ਇਹ ਚੋਣ ਸਰਵੇਖਣ 10 ਤੋਂ 14 ਸਤੰਬਰ ਤਕ ਕੀਤਾ ਗਿਆ ਅਤੇ ਇਸ ਵਿਚ 261 ਲੋਕਾਂ 'ਤੇ ਕੀਤੇ ਗਏ ਸਰਵੇਖਣ ਲਈ ਲਾਈਵ ਏਜੰਟਾਂ ਨੇ ਲੈਂਡਲਾਈਨ ਤੇ ਸੈੱਲਫੋਨ ਦੀ ਵਰਤੋਂ ਕੀਤੀ। ਬਾਕੀ ਓਨਟਾਰੀਓ ਵਿਚ ਲਿਬਰਲ ਦੀ ਲੀਡ ਘਟੀ ਹੈ। 327 ਵਿਅਕਤੀਆਂ ਦੀ ਸ਼ਮੂਲੀਅਤ ਨਾਲ ਕੀਤੇ ਗਏ ਸਰਵੇਖਣ ਵਿਚ ਲਿਬਰਲਸ ਨੂੰ 33 ਫ਼ੀਸਦੀ, ਕੰਸਰਵੇਟਿਵ 32, ਐਨਡੀਪੀ 22, ਪੀਪਲਜ ਪਾਰਟੀ 8 ਅਤੇ ਗਰੀਨਸ ਨੂੰ 4 ਫ਼ੀਸਦੀ ਵੋਟਰਾਂ ਦਾ ਸਮਰਥਨ ਹਾਸਲ ਹੈ। ਕੁਲ ਮਿਲਾ ਕੇ ਸੂਬੇ ਵਿਚ ਲਿਬਰਲਸ ਨੂੰ 40 ਫ਼ੀਸਦੀ ਤੇ ਕੰਸਰਵੇਟਿਵਾਂ ਨੂੰ 30 ਫ਼ੀਸਦੀ ਵੋਟਰਾਂ ਦਾ ਸਮਰਥਨ ਹਾਸਲ ਹੈ।




## ਕਿਊਬਕ ਦੀ ਸਥਿਤੀ

ਕਿਊਬਕ ਵਿਚ ਲਿਬਰਲਸ ਨੂੰ ਬਲੌਕ ਦੇ 28 ਫ਼ੀਸਦੀ ਸਮਰਥਨ ਦੇ ਮੁਕਾਬਲੇ 32 ਫ਼ੀਸਦੀ ਲੋਕਾਂ ਦਾ ਸਮਰਥਨ ਹਾਸਲ ਹੈ। ਕੰਸਰਵੇਟਿਵ 18, ਐਨਡੀਪੀ 15, ਪੀਪਲਜ਼ ਪਾਰਟੀ 4 ਤੇ ਗਰੀਨਸ 3 ਫ਼ੀਸਦੀ ਸਰਮਥਨ 'ਤੇ ਖੜੇ ਹਨ। ਇਥੇ 447 ਵਿਅਕਤੀਆਂ ਤੋਂ ਉਨ੍ਹਾਂ ਦੀ ਰਾਇ ਪੁੱਛੀ ਗਈ ਸੀ।


## ਬ੍ਰਿਟਿਸ਼ ਕੋਲੰਬੀਆ 'ਚ ਕੰਸਰਵੇਟਿਵ ਦਾ ਆਧਾਰ ਸੁੰਗੜਿਆ

ਬ੍ਰਿਟਿਸ਼ ਕੋਲੰਬੀਆ ਵਿਚ ਚੋਣ ਮੁਹਿੰਮ ਦੇ ਸ਼ੁਰੂ ਵਿਚ ਮਿਲੀ ਕੰਸਰਵੇਟਿਵ ਦੀ ਲੀਡ ਸੁੰਗੜ ਗਈ ਹੈ ਕਿਉਂਕਿ ਪੀਪਲਜ਼ ਪਾਰਟੀ ਆਫ ਕੈਨੇਡਾ ਨੇ ਕੰਸਰਵੇਟਿਵ ਦੇ ਆਧਾਰ ਨੂੰ ਖੋਰਾ ਲਾਇਆ ਹੈ। ਚੋਣ ਸਰਵੇਖਣ ਮੁਤਾਬਿਕ ਕੰਸਰਵੇਟਿਵ ਇਥੇ ਕੰਸਰਵੇਟਿਵ 30 ਫ਼ੀਸਦੀ ਵੋਟਰਾਂ ਦੇ ਸਮਰਥਨ ਨਾਲ ਸਭ ਤੋਂ ਅੱਗੇ ਹਨ। ਲਿਬਰਲਸ 28 ਫ਼ੀਸਦੀ ਨਾਲ ਦੂਸਰੇ ਤੇ ਐਨਡੀਪੀ 26 ਫ਼ੀਸਦੀ ਵੋਟਰਾਂ ਦੇ ਸਮਰਥਨ ਨਾਲ ਤੀਸਰੇ ਸਥਾਨ 'ਤੇ ਹੈ। ਗਰੀਨਸ ਤੇ ਪੀਪਲਜ਼ ਪਾਰਟੀ ਦਾ 8 ਫ਼ੀਸਦੀ ਨਾਲ ਆਧਾਰ ਬਰਾਬਰ ਹੈ।

## ਵੈਨਕੂਵਰ ਅਪਾਰਟਮੈਂਟ ਇਮਾਰਤ ਵਿਚ ਕਾਰਬਨ ਮੋਨੋਆਕਸਾਈਡ ਗੈਸ ਲੀਕ-20 ਵਿਅਕਤੀ ਹਸਪਤਾਲ ਦਾਖਲ

ਵੈਨਕੂਵਰ-ਡਾਉਨਟਾਉਨ ਵੈਨਕੂਵਰ ਅਪਾਰਟਮੈਂਟ ਇਮਾਰਤ ਵਿਚ ਕਾਰਬਨ ਮੋਨੋਆਕਸਾਈਡ ਗੈਸ ਦੀ ਲੀਕ ਹੋਣ ਪਿੱਛੋਂ ਦਰਜਨ ਤੋਂ ਵੀ ਵੱਧ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬੀਸੀ ਐਮਰਜੈਂਸੀ ਹੈਲਥ ਸਰਵਸਿਜ਼ ਨੇ ਦੱਸਿਆ ਕਿ ਸ਼ਹਿਰ ਦੇ ਵੈਸਟ ਐਂਡ ਵਿਚ ਗੈਸ ਲੀਕ ਹੋਣ ਪਿੱਛੋਂ ਕੁਲ 20 ਵਿਅਕਤੀਆਂ ਨੂੰ ਪੈਰਾਮੈਡਿਕਸ ਹਸਪਤਾਲ ਲੈ ਕੇ ਗਏ ਹਨ। ਬੀਸੀਈਐਚਐਸ ਨੇ ਦੱਸਿਆ ਕਿ ਤਿੰਨ ਵਿਅਕਤੀ ਜਿਹੜੇ ਇਮਾਰਤ ਦੇ ਅੰਦਰ ਸਨ ਦੀ ਹਾਲਤ ਗੰਭੀਰ ਬਣੀ ਹੋਈ ਹੈ ਜਦਕਿ 17 ਹੋਰਨਾਂ ਦੀ ਹਾਲਤ ਸਥਿਰ ਹੈ। ਇਹ ਗੈਸ ਇਮਾਰਤ ਦੇ ਬਾਇਲਰ ਦੀ ਟੁੱਟੀ ਹੋਈ ਨਿਕਾਸ ਪਾਈਪ ਵਿਚੋਂ ਲੀਕ ਹੋਈ ਸੀ ਜਿਸ ਨੂੰ ਕਿਸੇ ਮੋਟਰ ਗੱਡੀ ਨੇ ਟੱਕਰ ਮਾਰੀ ਸੀ।






## ਫੈਡਰਲ ਚੋਣਾਂ...

# ਮੁੜ ਘੱਟ ਗਿਣਤੀ ਸਰਕਾਰ ਦੀ ਪੇਸ਼ੀਨਗੋਈ...

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡਾ ਦੀਆਂ ਅਚਨਚੇਤ ਮਧਕਾਲੀ ਚੋਣਾਂ ਲਈ 20 ਸਤੰਬਰ ਨੂੰ ਪੈ ਰਹੀਆਂ ਵੋਟਾਂ ਵਿਚ ਗਿਣਤੀ ਦੇ ਦਿਨ ਬਚੇ ਹਨ। ਇਸ ਵੀਰਵਾਰ ਨੂੰ ਪ੍ਰਮੁੱਖ ਆਗੂਆਂ ਦੀ ਅੰਗੇਰਜ਼ੀ ਭਾਸ਼ਾ ਵਿਚ ਮੁਖ ਬਹਿਸ ਦੌਰਾਨ ਕੋਵਿਡ ਸਥਿਤੀ, ਵਾਤਾਵਰਣ ਤਬਦੀਲੀ, ਹੈਲਥ ਕੇਅਰ, ਵਿਦੇਸ਼ ਨੀਤੀ, ਅਫਗਾਨਿਸਤਾਨ ਦੀ ਤਾਜ਼ਾ ਸਥਿਤੀ, ਆਰਥਿਕਤਾ ਤੇ ਮੂਲਵਾਸੀਆਂ ਮੁੱਦਿਆਂ ਉਪਰ ਸਧਾਰਨ ਰਹੀ ਗੱਲਬਾਤ ਉਪਰੰਤ ਜੋ ਪ੍ਰਭਾਵ ਅਤੇ ਨਤੀਜੇ ਸਾਹਮਣੇ ਆ ਰਹੇ ਹਨ, ਉਹਨਾਂ ਤੋਂ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਕਿਸੇ ਵੀ ਪਾਰਟੀ ਲਈ ਬਹੁਮਤ ਪ੍ਰਾਪਤ ਕਰਨਾ ਆਸਾਨ ਨਹੀ। ਭਾਵੇਂਕਿ ਚੋਣ ਸਰਵੇਖਣਾਂ ਵਿਚ ਸੱਤਾ ਲਈ ਭਿੜ ਰਹੀਆਂ ਮੁੱਖ ਪਾਰਟੀਆਂ ਉਪਰ-ਥੱਲੇ ਹੁੰਦੀਆਂ ਦਿਖਾਈ ਦੇ ਰਹੀਆਂ ਹਨ ਪਰ ਪ੍ਰਧਾਨ ਮੰਤਰੀ ਟਰੂਡੋ ਵਲੋਂ ਜੋ ਬਹੁਮਤ ਦਾ ਸੁਪਨਾ ਲੈਕੇ ਚੋਣਾਂ ਦਾ ਐਲਾਨ ਕੀਤਾ ਗਿਆ ਸੀ, ਉਸਦੀ ਪੂਰਤੀ ਵਿਚ ਕਈ ਅੜਿਕੇ ਹਨ। ਤਾਜ਼ਾ ਚੋਣ ਸਰਵੇਖਣ ਵਿਚ ਲਿਬਰਲ ਨੂੰ 34.4 ਪ੍ਰਤੀਸ਼ਤ. ਕੰਸਰਵੇਟਿਵ 30.1 ਪ੍ਰਤੀਸ਼ਤ, ਐਨ ਡੀ ਪੀ ਨੂੰ 19.0 ਪ੍ਰਤੀਸ਼ਤ ਅਤੇ ਬਲਾਕ ਕਿਉਬੈਕਾ ਨੂੰ 6.4 ਪ੍ਰਤੀਸ਼ਤ, ਪੀਪਲਜ ਪਾਰਟੀ ਆਫ ਕੈਨੇਡਾ ਨੂੰ 5.0 ਪ੍ਰਤੀਸ਼ਤ 'ਤੇ ਵਿਖਾਇਆ ਜਾ ਰਿਹਾ ਹੈ। ਇਸਤੋ ਇਕ ਦਿਨ ਪਹਿਲਾਂ ਕੰਸਰਵੇਟਿਵ ਪਾਰਟੀ ਨੂੰ ਉਪਰ ਵਿਖਾਇਆ ਜਾ ਰਿਹਾ ਸੀ। ਜਿਵੇ ਇਹ ਚਰਚਾ ਸੀ ਕਿ ਪਾਰਟੀ ਲੀਡਰਾਂ ਦੀ ਅੰਗਰੇਜ਼ੀ ਭਾਸ਼ਾ ਦੀ ਬਹਿਸ ਉਪਰੰਤ ਅਗਲੀ ਸਰਕਾਰ ਬਾਰੇ ਸਪੱਸ਼ਟ ਹੋ ਜਾਵੇਗਾ ਪਰ ਇਸ ਬਹਿਸ ਉਪਰੰਤ ਵੀ ਚੋਣ ਸਰਵੇਖਣਾਂ ਦਾ ਝਮੇਲਾ ਅਗਲੀ ਸਰਕਾਰ ਬਾਰੇ ਸਪੱਸ਼ਟ ਨਹੀ। ਹਾਂ ਇਹ ਜ਼ਰੂਰ ਕਿਹਾ ਜਾ ਰਿਹਾ ਹੈ ਕਿ ਅਗਲੀ ਸਰਕਾਰ ਵੀ ਘੱਟ ਗਿਣਤੀ ਦੀ ਹੀ ਬਣੇਗੀ। ਘੱਟ ਗਿਣਤੀ ਸਰਕਾਰ ਦੇ ਦਾਅਵੇਦਾਰਾਂ ਵਿਚ ਲਿਬਰਲ ਤੇ ਕੰਸਰਵੇਟਿਵ ਬਰਾਬਰ ਹਨ। ਪ੍ਰਧਾਨ ਮੰਤਰੀ ਵਜੋ ਲੋਕਾਂ ਦੀ ਪਹਿਲੀ ਪਸੰਦ ਜਸਟਿਨ ਟਰੂਡੋ ਹੀ ਦੱਸੇ ਜਾ ਰਹੇ ਹਨ ਪਰ ਇਸ ਦੌਰਾਨ ਕੰਸਰਵੇਟਿਵ ਆਗੂ ਐਰਿਨ ਓਟੂਲ ਜਿਸਨੂੰ ਚੋਣਾਂ ਤੋ ਪਹਿਲਾਂ ਪ੍ਰਧਾਨ ਮੰਤਰੀ ਉਮੀਦਵਾਰ ਵਜੋ ਵਿਚਾਰਿਆ ਵੀ ਨਹੀ ਸੀ ਜਾ ਰਿਹਾ, ਉਸਦੇ ਇਸ ਦੌੜ ਵਿਚ ਟਰੂਡੋ ਦੇ ਬਰਾਬਰ ਆਣ ਖੜਨਾ ਕੋਈ , ਵੱਡੀ ਪ੍ਰਾਪਤੀ ਹੈ। ਲਿਬਰਲ ਲੀਡਰਸ਼ਿਪ ਵਲੋ ਜਿਵੇ ਓਟੂਲ ਨੂੰ ਪ੍ਰਧਾਨ ਮੰਤਰੀ ਪਦ ਲਈ ਉਚਿਤ ਨਾ ਹੋਣ ਦਾ ਪ੍ਰਚਾਰ ਉਸ ਲਈ ਪੁੱਠਾ ਪਿਆ ਲਗਦਾ ਹੈ। ਠੀਕ ਇਵੇ ਹੀ 2015 ਦੀਆਂ ਚੋਣਾਂ ਦੌਰਾਨ ਹਾਰਪਰ ਦੀ ਅਗਵਾਈ ਹੇਠ ਕੰਸਰਵੇਟਿਵ ਸਰਕਾਰ ਵਲੋ ਟਰੂਡੋ ਬਾਰੇ ਪ੍ਰਚਾਰਿਆ ਗਿਆ ਸੀ ਕਿ ਉਹ ਪ੍ਰਧਾਨ ਮੰਤਰੀ ਬਣਨ ਲਈ ਅਜੇ ਤਿਆਰ ਨਹੀ। ਉਸ ਦੌਰਾਨ ਕੰਸਰਵੇਟਿਵ ਲਈ ਅਜਿਹਾ ਪ੍ਰਚਾਰ ਜਿਵੇ ਭਾਰੂ ਪਿਆ ਸੀ, ਖਦਸ਼ਾ ਹੈ ਕਿਤੇ ਉਹੀ ਇਤਿਹਾਸ ਹੁਣ ਲਿਬਰਲ ਲਈ ਨਾ ਦੁਹਰਾ ਹੋ ਜਾਵੇ? ਕੋਵਿਡ ਮਹਾਂਮਾਰੀ ਨਾਲ ਸੁਚੱਜੇ ਢੰਗ ਨਾਲ ਨਿਪਟਣ ਅਤੇ ਲੋਕਾਂ ਦੀ ਆਰਥਿਕ ਮਦਦ ਕਰਨ ਬਦਲੇ ਟਰੂਡੋ ਸਰਕਾਰ ਨੇ ਸ਼ਾਇਦ ਬਹੁਮਤ ਪ੍ਰਾਪਤ ਲਈ ਇਸ ਸਮੇ ਨੂੰ ਉਚਿਤ ਸਮਝ ਲਿਆ। ਉਹ ਅਚਨਚੇਤ ਚੋਣਾਂ ਕਰਵਾਏ ਜਾਣ ਦੇ ਸਵਾਲਾਂ ਨੂੰ ਵੀ ਟਾਲਦੇ ਰਹੇ ਪਰ ਕੀਤਾ ਉਹੀ ਜੋ ਕਿਸੇ ਸੱਤਾ ਦੀ ਲਾਲਸਾ ਰੱਖਣ ਵਾਲੇ ਸਿਆਸਤਦਾਨ ਵਲੋਂ ਕੀਤਾ ਜਾਂਦਾ ਹੈ। ਲੀਡਰ ਡਿਬੇਟ ਦੌਰਾਨ ਵੀ ਟਰੂਡੋ ਨੂੰ ਇਸ ਸਵਾਲ ਦਾ ਉਚਿਤ ਜਵਾਬ ਅਹੁੜਨਾ ਔਖਾ ਰਿਹਾ। ਕੰਸਰਵੇਟਿਵ ਅਤੇ ਐਨ ਡੀ ਪੀ ਆਗੂ -ਦੋਵਾਂ ਨੇ ਟਰੂਡੋ ਨੂੰ ਘੇਰਦਿਆਂ ਪੁੱਛਿਆ ਕਿ ਉਹਨਾਂ ਨੂੰ ਲੋਕਾਂ ਦੀ ਸਿਹਤ ਅਤੇ ਸੁਰੱਖਿਅਤ ਜ਼ਿੰਦਗੀ ਤੋ ਪਹਿਲਾਂ ਆਪਣੇ ਬਹੁਮਤ ਦੀ ਜ਼ਿਆਦਾ ਫਿਕਰ ਹੈ? ਚੋਣ ਮੁਹਿੰਮ ਦੌਰਾਨ ਵੀ ਉਹਨਾਂ ਨੂੰ ਇਸੇ ਸਵਾਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟੀਕਾਕਰਣ ਅਤੇ ਕੋਵਿਡ ਪਾਸਪੋਰਟ ਵਿਰੋਧੀ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਵੀ ਇਹੀ ਸਵਾਲ ਹਨ। ਪਿਛਲੇ ਦਿਨੀ ਚੋਣ ਮੁਹਿੰਮ ਦੌਰਾਨ ਪ੍ਰਧਾਨ ਮੰਤਰੀ ਉਪਰ ਨਿੱਕੇ ਪੱਥਰ ਗੀਟੇ ਸੁੱਟੇ ਜਾਣ ਦੀ ਘਟਨਾ ਵੀ ਵਿਰੋਧਤਾ ਦੀ ਸਿਖਰ ਰਹੀ। ਭਾਵੇਂਕਿ ਕਿਸੇ ਕੈਨੇਡੀਅਨ ਤੋ ਅਜਿਹੇ ਅਸਭਿਅਕ ਅਤੇ ਹਿੰਸਕ ਵਿਵਹਾਰ ਦੀ ਤਵੱਕੋ ਨਹੀ ਕੀਤੀ ਜਾਂਦੀ ਪਰ ਇਸ ਵਿਰੋਧ ਪਿਛੇ ਲੋਕ ਮਾਨਸਿਕਤਾ ਵਿਚ ਆਈ ਤਬਦੀਲੀ ਨੂੰ ਸਮਝਣ ਦੀ ਲੋੜ ਹੈ। ਸ਼ਾਇਦ ਇਸੇ ਮਾਨਸਿਕਤਾ ਨੂੰ ਸਮਝਦੇ ਹੋਏ ਹੀ ਪ੍ਰਧਾਨ ਮੰਤਰੀ ਟਰੂਡੋ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਦੇ ਬਾਵਜੂਦ ਉਹ ਆਪਣੀ ਚੋਣ ਮੁਹਿੰਮ ਨੂੰ ਜ਼ੋਰ ਸ਼ੋਰ ਨਾਲ ਜਾਰੀ ਰੱਖਣਗੇ। ਕੋਵਿਡ ਮਹਾਂਮਾਰੀ ਦੌਰਾਨ ਅਚਨਚੇਤ ਚੋਣਾਂ ਬਾਰੇ ਵੀ ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਆਪਣੇ ਇਸ ਫੈਸਲੇ ਤੇ ਕੋਈ ਪਛਤਾਵਾ ਨਹੀ। ਕੋਵਿਡ ਨਾਲ ਨਿਪਟਣ ਅਤੇ ਆਰਥਿਕਤਾ ਨੂੰ ਮਜ਼ਬੂਤੀ ਨਾਲ ਖੜਾ ਕਰਨ ਲਈ ਅਗਲੇ ਸਮੇ ਵਿਚ ਜੋ ਫੈਸਲੇ ਲਏ ਜਾਣੇ ਹਨ, ਉਸ ਵਾਸਤੇ ਬਹੁਮਤ ਵਾਲੀ ਸਰਕਾਰ ਜ਼ਰੂਰੀ ਹੈ। ਉਹ ਲੋਕਾਂ ਨੂੰ ਚੇਤਾਵਨੀ ਦੇ ਰਹੇ ਹਨ ਕਿ ਅਗਰ ਮੁੜ ਘੱਟ ਗਿਣਤੀ ਸਰਕਾਰ ਬਣਦੀ ਹੈ ਤਾਂ ਲੋਕਾਂ ਨੂੰ ਮੁੜ ਚੋਣਾਂ ਲਈ ਤਿਆਰ ਰਹਿਣਾ ਪਵੇਗਾ। ਇਹ ਲੋਕਾਂ ਨੇ ਫੈਸਲਾ ਕਰਨਾ ਹੈ ਕਿ ਉਹਨਾਂ ਇਕ ਪੂਰਣ ਬਹੁਮਤ ਵਾਲੀ ਸਥਿਰ ਸਰਕਾਰ ਚੁਣਨੀ ਹੈ ਜਾਂ ਅਸਥਿਰ ਸਰਕਾਰ? ਪਿਛਲੀਆਂ ਅਕਤੂਬਰ 2019 ਦੀਆਂ ਚੋਣਾਂ ਦੌਰਾਨ ਲਿਬਰਲ ਕੋਲ 155 ਸੀਟਾਂ, ਕੰਸਰਵੇਟਿਵ ਕੋਲ 119, ਐਨਡੀਪੀ 24, ਬਲਾਕ ਕਿਉਬਕਾ 32 ਅਤੇ ਗਰੀਨ ਪਾਰਟੀ ਕੋਲ ਦੋ ਸੀਟਾਂ ਸਨ। ਸਭ ਤੋ ਵੱਧ ਸੀਟਾਂ ਵਾਲੇ ਸੂਬੇ ਉਨਟਾਰਓ ਦੀਆਂ 121 ਸੀਟਾਂ ਚੋ ਲਿਬਰਲ ਕੋਲ 79, ਕੰਸਰਵੇਟਿਵ ਕੋਲ 36 ਅਤੇ ਐਨ ਡੀ ਪੀ ਕੋਲ 6 ਸੀਟਾਂ ਸਨ। ਕਿਉਬੈਕ ਦੀਆਂ ਕੁਲ 78 ਸੀਟਾਂ ਚੋ ਲਿਬਰਲ ਦੀਆਂ 35, ਬਲਾਕ ਕਿਉਬੈਕਾ ਦੀਆਂ 32, ਕੰਸਰਵੇਟਿਵ 10 ਅਤੇ ਐਨ ਡੀ ਪੀ ਕੋਲ 1 ਸੀਟ ਸੀ। ਆਮ ਕਰਕੇ ਸਰਕਾਰ ਬਣਾਉਣ ਦਾ ਫੈਸਲਾ ਇਹ ਦੋ ਵੱਡੇ ਸੂਬੇ ਹੀ ਕਰਦੇ ਹਨ। ਇਸ ਵਾਰ ਓਨਟਾਰੀਓ ਵਿਚ ਕੰਸਰਵੇਟਿਵ ਪਾਰਟੀ ਲਿਬਰਲ ਦੇ ਬਰਾਬਰ ਖਹਿਕੇ ਚੱਲ ਰਹੀ ਹੈ। ਕਿਉਬੈਕ ਵਿਚ ਬਿਲ 21 ਦੇ ਮੁੱਦੇ ਉਪਰ ਬਲਾਕ ਕਿਉਬੈਕ ਦੇ ਲੀਡਰ ਬਲਾਂਸ਼ੇ ਦਾ ਸਟੈਂਡ ਪਾਰਟੀ ਦੀਆਂ ਸੀਟਾਂ ਵਧਾ ਸਕਦਾ ਹੈ। ਸ਼ਾਇਦ ਇਸੇ ਨੂੰ ਧਿਆਨ ਵਿਚ ਰਖਦਿਆਂ ਲਿਬਰਲ ਆਗੂ ਟਰੂਡੋ ਨੇ ਆਪਣੀ ਚੋਣ ਮੁਹਿੰਮ ਦੌਰਾਨ ਕਿਉਬੈਕ ਪਛਾਣ ਨੂੰ ਗਲੇ ਲਗਾਉਂਦਿਆਂ ਕਿਹਾ ਹੈ ਕਿ ਕਿਉਬੈਕ ਨਸਲਵਾਦੀ ਨਹੀ ਹਨ। ਉਧਰ ਕਿਉਬੈਕ ਪ੍ਰੀਮੀਅਰ ਫਰਾਂਸਵਾ ਲੈਗੂ ਦਾ ਕੰਸਰਵੇਟਿਵ ਦੇ ਹੱਕ ਵਿਚ ਬੋਲਣ ਦਾ ਫਾਇਦਾ ਐਰਿਨ ਓਟੂਲ ਨੂੰ ਹੋ ਸਕਦਾ ਹੈ। ਪ੍ਰੀਮੀਅਰ ਲੈਗੂ ਦਾ ਇਹ ਕਹਿਣਾ ਕਿ ਪ੍ਰਧਾਨ ਮੰਤਰੀ ਟਰੂਡੋ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਵਧੇਰੇ ਦਖਲ ਦਿੰਦੇ ਹਨ। ਇਸ ਲਈ ਉਹਨਾਂ ਵਾਸਤੇ ਕੰਸਰਵੇਟਿਵ ਨਾਲ ਕੰਮ ਕਰਨਾ ਜ਼ਿਆਦਾ ਸੌਖਾ ਹੈ। ਸਮਝਿਆ ਜਾ ਸਕਦਾ ਹੈ ਕਿ ਕਿਉਬੈਕ ਵਿਚ ਬਿਲ 21 ( ਸਰਕਾਰੀ ਦਫਤਰਾਂ ਵਿਚ ਧਾਰਮਿਕ ਚਿੰਨਾਂ ਉਪਰ ਪਾਂਬਦੀ) ਅਤੇ ਬਿਲ 96 ( ਫਰੈਂਚ ਭਾਸ਼ਾ ਦੀ ਸਰਵਉਚਤਾ ਦਾ ਅਧਿਕਾਰ) ਦੇ ਮੁੱਦੇ ਵੀ ਵੋਟ ਸਿਆਸਤ ਦਾ ਹਿੱਸਾ ਬਣੇ ਹੋਏ ਹਨ। ਇਹਨਾਂ ਮੁੱਦਿਆ ਉਪਰ ਹੀ ਸਿਆਸੀ ਪਾਰਟੀਆਂ ਵੋਟਾਂ ਬਟੋਰਨ ਦੀ ਤਾਕ ਵਿਚ ਹਨ। ਤਾਜ਼ਾ ਚੋਣ ਸਥਿਤੀ ਤੋਂ ਮੁੜ ਘੱਟ ਗਿਣਤੀ ਸਰਕਾਰ ਬਣਨ ਦੇ ਵਧੇਰੇ ਆਸਾਰ ਹਨ। ਇਹ ਸਥਿਤੀ ਤਾਂ ਹੀ ਬਦਲ ਸਕਦੀ ਹੈ ਅਗਰ ਦੋਵੇਂ ਪ੍ਰਮੁੱਖ ਪਾਰਟੀਆਂ ਲਿਬਰਲ ਅਤੇ ਕੰਸਰਵੇਟਿਵ ਆਪਣੀ ਵਿਚਾਰਧਾਰਾ ਨਾਲ ਮੇਲ ਖਾਂਦੀਆਂ ਪਾਰਟੀਆਂ ਦਾ ਵੋਟ ਬੈਂਕ ਆਪਣੀ ਤਰਫ ਪ੍ਰੇਰਿਤ ਕਰ ਸਕਣ। ਸਰਵੇ ਮੁਤਾਬਿਕ ਐਨ ਡੀ ਪੀ ਨੂੰ ਮਿਲ ਰਹੇ 19 ਪ੍ਰਤੀਸ਼ਤ ਸਮਰਥਨ ਦਾ ਕੁਝ ਹਿੱਸਾ ਲਿਬਰਲ ਵੱਲ ਜਾਣ ਜਾਂ ਪੀ ਪੀ ਸੀ ਨੂੰ ਮਿਲ ਰਹੇ 5 ਪ੍ਰਤੀਸ਼ਤ ਸਮਰਥਨ ਦਾ ਕੁਝ ਹਿੱਸਾ ਕੰਸਰਵੇਟਿਵ ਵੱਲ ਜਾਣ ਤੇ ਸਥਿਤੀ ਚਮਤਕਾਰੀ ਬਣ ਸਕਦੀ ਹੈ। ਪਰ ਹਾਲਾਤ ਇਹ ਹਨ ਕਿ ਲੋਕਾਂ ਵਿਚ ਇਹਨਾਂ ਵੋਟਾਂ ਪ੍ਰਤੀ ਕੋਈ ਉਤਸ਼ਾਹ ਨਹੀ। ਆਮ ਵੋਟਰਾਂ ਦਾ ਉਦਾਸੀਨ ਰਵੱਈਆ ਜੇ ਸਿਆਸੀ ਪਾਰਟੀਆਂ ਲਈ ਨਿਰਾਸ਼ਜਨਕ ਹੈ ਤਾਂ ਸੰਗਠਨਾਤਮ ਮਜ਼ਬੂਤੀ ਤੇ ਪ੍ਰਤੀਬੱਧ ਵੋਟ ਪ੍ਰੇਰਨਾ ਨਾਲ ਨਤੀਜੇ ਉਤਸ਼ਾਹਜਨਕ ਹੋ ਸਕਦੇ ਹਨ। ਕੋਵਿਡ ਮਹਾਂਮਾਰੀ 'ਚ ਸੂਬਾਈ ਚੋਣਾਂ ਦੌਰਾਨ ਅਜਿਹੀ ਸੰਗਠਨਾਤਮ ਮਜ਼ਬੂਤੀ ਤੇ ਪ੍ਰਤੀਬੱਧਤਾ ਆਪਣਾ ਰੰਗ ਵਿਖਾ ਚੁੱਕੀ ਹੈ। ਸੋ ਇਹਨਾਂ ਚੋਣਾਂ ਦੌਰਾਨ ਮੁੜ ਘੱਟ ਗਿਣਤੀ ਸਰਕਾਰ ਦੀ ਪੇਸ਼ੀਨਗੋਈ ਨੂੰ ਉਲਟਣ ਦੀ ਸਮਰੱਥਾ ਕੇਵਲ ਪ੍ਰਤੀਬੱਧ ਵੋਟਰਾਂ ਦੀ ਇੱਛਾ ਸ਼ਕਤੀ ਅਤੇ ਸੰਗਠਨਾਤਮਕ ਮਜ਼ਬੂਤੀ ਉਪਰ ਹੀ ਨਿਰਭਰ ਹੈ....

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਉਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਉਂਟਿੰਗ ਵਿਚ
32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House
To Sell & Save
Thousands Dollars
& Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

## ਅਲਬਰਟਾ 'ਚ ਕੋਵਿਡ-19 ਨਾਲ 9 ਹੋਰ ਮੌਤਾਂ-1434 ਨਵੇਂ ਮਾਮਲੇ ਦਰਜ

ਐਡਮਿੰਟਨ-ਅਲਬਰਟਾ ਵਿਚ ਕੋਵਿਡ-19 ਨਾਲ 9 ਹੋਰ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਸੂਬੇ ਵਿਚ ਹਸਪਤਾਲ ਤੇ ਆਈਸੀਯੂ ਯੂਨਿਟਾਂ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ 1434 ਨਵੇਂ ਮਾਮਲੇ ਦਰਜ ਕੀਤੇ ਗਏ ਹਨ। ਅਲਬਰਟਾ ਵਿਚ ਹੁਣ 18265 ਐਕਟਿਵ ਮਾਮਲੇ ਹਨ ਅਤੇ ਕੋਵਿਡ-19 ਦੇ 822 ਮਰੀਜ਼ ਹਸਪਤਾਲਾਂ ਵਿਚ ਦਾਖਲ ਹਨ ਜਿਨ੍ਹਾਂ ਵਿਚੋਂ 212 ਦਾ ਆਈਸੀਯੂ ਵਿਚ ਇਲਾਜ ਚਲ ਰਿਹਾ ਹੈ। ਜਿਹੜੇ ਮਰੀਜ਼ ਆਈਸੀਯੂ ਵਿਚ ਦਾਖਲ ਹਨ ਉਨ੍ਹਾਂ ਵਿਚੋਂ 90 ਫ਼ੀਸਦੀ ਦੇ ਟੀਕਾ ਨਹੀਂ ਲੱਗਾ ਜਾਂ ਕੇਵਲ ਅੰਸ਼ਕ ਟੀਕਾਕਰਣ ਹੋਇਆ ਹੈ। ਸੂਬੇ ਦੇ ਹੈਲਥ ਬਾਰੇ ਮੁੱਖ ਮੈਡੀਕਲ ਅਫਸਰ ਡਾ. ਦੀਨਾ ਇੰਸ਼ਾਅ ਨੇ ਟਵਿੱਟਰ 'ਤੇ ਕੋਵਿਡ-19 ਨਾਲ 9 ਮੌਤਾਂ ਹੋਣ ਦੀ ਜਾਣਕਾਰੀ ਵੀ ਦਿੱਤੀ।

## ਅਲਬਰਟਾ ਕੋਵਿਡ-19 ਕੈਬਨਿਟ ਕਮੇਟੀ ਦੀ ਮੀਟਿੰਗ

ਐਡਮਿੰਟਨ-ਅਲਬਰਟਾ ਦੇ ਅਧਿਕਾਰੀਆਂ ਨੇ ਸੂਬੇ ਵਿਚ ਕੋਵਿਡ-19 ਦੇ ਮਰੀਜ਼ਾਂ ਦੇ ਹਸਪਤਾਲਾਂ ਵਿਚ ਦਾਖਲ ਹੋਣ ਦੀ ਵਧ ਰਹੀ ਗਿਣਤੀ 'ਤੇ ਚਰਚਾ ਕਰਨ ਲਈ ਮੰਗਲਵਾਰ ਸਵੇਰੇ ਮੀਟਿੰਗ ਕੀਤੀ ਅਤੇ ਪ੍ਰੀਮੀਅਰ ਜੈਸਨ ਕੈਨੀ ਨੇ ਆਪਣੇ ਕੌਕਸ ਨਾਲ ਮੀਟਿੰਗ ਬਦਲੇ ਉੱਤਰੀ ਅਲਬਰਟਾ ਜਾਣ ਦਾ ਆਪਣਾ ਦੌਰਾ ਰੱਦ ਕਰ ਦਿੱਤਾ। ਸਰਕਾਰੀ ਕਮਿਊਨੀਕੇਸ਼ਨਸ ਦੇ ਡਾਇਰੈਕਟਰ ਕ੍ਰਿਸਟੀਨ ਮਾਯਟ ਨੇ ਕਿਹਾ ਕਿ ਪ੍ਰੀਮੀਅਰ ਨੇ ਮੈਕਮੁਰੇ ਦੀ ਜਾਣ ਦਾ ਯੋਜਨਾ ਰੱਦ ਕਰ ਦਿੱਤੀ ਹੈ ਅਤੇ ਮੌਜੂਦਾ ਸਮੇਂ ਕੈਬਨਿਟ ਤੇ ਕੌਕਸ ਸਹਿਯੋਗੀਆਂ ਨਾਲ ਅਲਬਰਟਾ ਵਿਚ ਕੋਵਿਡ-19 ਦੀ ਤਾਜ਼ਾ ਸਥਿਤੀ ਦੇ ਸਬੰਧ ਵਿਚ ਮੀਟਿੰਗ ਕਰ ਰਹੇ ਹਨ। ਅਲਬਰਟਾ ਮੈਡੀਕਲ ਐਸੋਸੀਏਸ਼ਨ ਤੁਰੰਤ ਕਾਰਵਾਈ ਲਈ ਕਹਿ ਰਹੀ ਹੈ ਅਤੇ ਉਨ੍ਹਾਂ ਦਾ ਮੰਨਣਾ ਕਿ 3 ਸਤੰਬਰ ਦੇ ਉਪਾਅ ਕਾਫੀ ਨਹੀਂ ਹਨ। ਸਰਕਾਰ ਨੇ ਕਿਹਾ ਕਿ ਟੀਕਾਕਰਣ ਦੇ ਸਬੂਤ ਵਾਲਾ ਉਸ ਦਾ ਛਪਣਯੋਗ ਕਾਰਡ ਵੀਰਵਾਰ ਨੂੰ ਉਪਲਬਧ ਹੋ ਜਾਵੇਗਾ।

## ਲੈਂਗਲੀ ਦੀ ਅਧਿਆਪਕਾ ਦੇ ਲਾਪਤਾ ਹੋਣ ਦੀ ਜਾਂਚ

ਵੈਨਕੂਵਰ-ਹੋਮੀਸਾਈਡ ਜਾਂਚ ਅਧਿਕਾਰੀਆਂ ਨੂੰ ਲੈਂਗਲੀ, ਬੀਸੀ, ਦੀ ਅਧਿਆਪਕਾ ਨਾਓਮੀ ਓਨੋਟੇਰਾ ਦੇ ਲਾਪਤਾ ਹੋਣ ਦੇ ਮਾਮਲੇ ਨੂੰ ਹੱਲ ਕਰਨ ਲਈ ਮਦਦ ਕਰਨ ਲਈ ਸੱਦਾ ਦਿੱਤਾ ਗਿਆ ਹੈ। ਇੰਟੀਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਹੈ ਕਿ ਪੁਲਿਸ ਨੇ ਓਨੋਟੇਰਾ ਦੇ ਘਰ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ ਜਿਸ ਨੂੰ ਸੋਮਵਾਰ ਤੋਂ ਘੇਰੇ ਵਿਚ ਲਿਆ ਹੋਇਆ ਹੈ। ਇਸ ਤੋਂ ਪਹਿਲਾਂ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਓਨੋਟੇਰਾ ਦੇ ਲਾਪਤਾ ਹੋਣ ਵਿਚ ਕਿਸੇ ਅਪਰਾਧ ਦਾ ਸ਼ੱਕ ਨਹੀਂ ਲਗਦਾ। 40 ਸਾਲਾ ਓਨੋਟੇਰਾ ਸਰੀ ਦੇ ਕੈਟਜ਼ੀ ਐਲੀਮੈਂਟਰੀ ਵਿਖੇ ਟੀਚਰ-ਲਾਇਬਰੇਰੀਅਨ ਵਜੋਂ ਕੰਮ ਕਰਦੀ ਸੀ ਤੇ ਉਸ ਦੀ 20 ਮਹੀਨਿਆਂ ਦੀ ਬੱਚੀ ਹੈ।

# ਅਮਰੀਕੀ ਵਕੀਲ ਨੇ ਪੁੱਤਰ ਨੂੰ ਇਕ ਕਰੋੜ ਡਾਲਰ ਦਾ ਬੀਮਾ ਦਿਵਾਉਣ ਲਈ ਆਪਣੇ ਗੋਲੀ ਮਰਵਾਉਣ ਦੀ ਕੀਤਾ ਸੀ ਪ੍ਰਬੰਧ

ਕੋਲੰਬੀਆ-ਸਾਊਥ ਕੈਰੋਲੀਨਾ ਦੇ ਇਕ ਪ੍ਰਮੁੱਖ ਵਕੀਲ ਜਿਸ ਨੂੰ ਆਪਣੀ ਪਤਨੀ ਤੇ ਪੁੱਤਰ ਦੀਆਂ ਤਿੰਨ ਮਹੀਨੇ ਪਹਿਲਾਂ ਲਾਸ਼ਾਂ ਮਿਲੀਆਂ ਸਨ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਆਪਣੀ ਮੌਤ ਦਾ ਪ੍ਰਬੰਧ ਕਰਨ ਦਾ ਯਤਨ ਕੀਤਾ ਸੀ ਤਾਂ ਜੋ ਉਸ ਦੇ ਪੁੱਤਰ ਨੂੰ ਇਕ ਕਰੋੜ ਡਾਲਰ ਦੀ ਬੀਮੇ ਦੀ ਰਕਮ ਮਿਲ ਜਾਵੇ ਪਰ ਉਸ ਦੀ ਇਹ ਯੋਜਨਾ ਸਿਰੇ ਨਾ ਚੜ੍ਹੀ ਅਤੇ ਗੋਲੀ ਨਾਲ ਸਿਰਫ ਸਿਰ ਵਿਚ ਜ਼ਖ਼ਮ ਹੋਇਆ ਸੀ। ਹੈਂਪਟਨ ਕਾਊਂਟੀ ਵਿਚ ਇਕੋ ਇਕ ਹਾਈਵੇਅ 'ਤੇ ਵਕੀਲ ਅਲੈਕਸ ਮਰਡੌਗ ਦੇ ਗੋਲੀ ਮਾਰਨ ਦੇ ਸਬੰਧ ਵਿਚ ਸ਼ੂਟਰ ਕੁਰਟਿਸ ਐਡਵਾਰਡ ਸਮਿਥ ਖਿਲਾਫ ਖੁਦਕੁਸ਼ੀ ਵਿਚ ਸਹਾਇਤਾ ਕਰਨ, ਬੀਮਾ ਘੁਟਾਲਾ ਤੇ ਕਈ ਹੋਰ ਦੋਸ਼ ਲਗਾਏ ਗਏ ਹਨ। ਮਰਡੌਗ ਦਾ ਪਿਤਾ, ਦਾਦਾ ਤੇ ਪੜਦਾਦਾ ਇਲਾਕੇ ਵਿਚ 80 ਸਾਲ ਤੋਂ ਵਧੇਰੇ ਸਮਾਂ ਸਾਲਿਸਟਰ ਦੇ ਅਹੁਦੇ 'ਤੇ ਰਹੇ ਅਤੇ ਖੇਤਰ ਵਿਚ ਦੂਸਰੇ ਪਰਿਵਾਰਕ ਮੈਂਬਰ ਪ੍ਰਮੁੱਖ ਸਰਕਾਰੀ ਵਕੀਲ (ਸਿਵਲ ਅਟਾਰਨੀ) ਹਨ। ਮੁਰਡੌਗ ਖੁਦ ਆਪਣੇ ਪਿਤਾ ਦੇ ਮਾਮਲਿਆਂ ਵਿਚ ਸਹਾਇਤਾ ਕਰਨ ਵਾਲਾ ਇਕ ਅਧਿਕਾਰਤ ਵਲੰਟੀਅਰ ਪ੍ਰੌਸੀਕਿਊਟਰ ਸੀ ਅਤੇ ਇਸ ਮਹੀਨੇ ਉਸਨੇ ਦਫ਼ਤਰ ਨਾਲੋਂ ਸਬੰਧ ਤੋੜ ਲਏ ਸਨ ਕਿਉਂਕਿ ਉਹ ਔਕਸੀਕੋਡੀਨ (ਨਸ਼ੇ ਵਾਲੀ ਦਵਾਈ) ਦੀ ਆਦਤ ਤੋਂ ਮੁੜ ਵਸੇਬੇ ਦੀ ਕੋਸ਼ਿਸ਼ ਕਰ ਰਿਹਾ ਸੀ।

## ਕਮਜ਼ੋਰ ਇਮਊਨ ਸਿਸਟਮ ਵਾਲੇ ਮਨੀਟੋਬਾ ਵਾਸੀ ਲਗਵਾ ਸਕਦੇ ਹਨ ਤੀਸਰਾ ਟੀਕਾ

ਵਿਨੀਪੈਗ-ਬਿਮਾਰ ਰਹਿਣ ਵਾਲੇ ਮਨੀਟੋਬਾ ਵਾਸੀ ਜਿਨ੍ਹਾਂ ਦਾ ਇਮਊਨ ਸਿਸਟਮ ਕਮਜ਼ੋਰ ਹੈ ਐਮਆਰਐਨਏ ਦਾ ਕੋਵਿਡ-19 ਟੀਕੇ ਦੇ ਤੀਸਰੀ ਖ਼ੁਰਾਕ ਲੈ ਸਕਣਗੇ। ਉਹ ਵਿਅਕਤੀ ਵੀ




ਤੀਸਰਾ ਟੀਕਾ ਲਗਵਾ ਸਕਣਗੇ ਜਿਹੜੇ ਸਫਰ ਕਰਨ ਬਾਰੇ ਸੋਚ ਰਹੇ ਹਨ। ਮਨੀਟੋਬਾ ਦੀ ਟੀਕਾ ਟਾਸਕ ਫੋਰਸ ਦੀ ਮੁਖੀ ਡਾ. ਜੋਸ ਰੀਮਰ ਨੇ ਕਿਹਾ ਕਿ ਕੀਮੋਥੇਰੈਪੀ ਨਾਲ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਸਮੇਤ ਬਿਮਾਰ ਰਹਿਣ ਵਾਲੇ ਵਿਅਕਤੀ ਜਾਂ ਉਹ ਵਿਅਕਤੀ ਜਿਹੜੇ ਸਫਰ ਕਰਨ ਦੇ ਮਕਸਦ ਨਾਲ ਤੀਸਰਾ ਟੀਕਾ ਲਗਵਾਉਣਾ ਚਾਹੁੰਦੇ ਹਨ ਲਈ ਤੀਸਰੀ ਖ਼ੁਰਾਕ ਉਪਲਬਧ ਹੋਵੇਗੀ। ਉਨ੍ਹਾਂ ਮਨੀਟੋਬਾ ਵਾਸੀਆਂ ਲਈ ਵੀ ਤੀਸਰੀ ਖ਼ੁਰਾਕ ਉਪਲਬਧ ਹੋਵੇਗੀ ਜਿਨ੍ਹਾਂ ਨੇ ਹੈਲਥ ਕੈਨੇਡਾ ਤੋਂ ਗੈਰ ਪ੍ਰਵਾਣਤ ਕੋਵਿਡ-19 ਟੀਕੇ ਦੀ ਇਕ ਜਾਂ ਦੋ ਖ਼ੁਰਾਕਾਂ ਲਈਆਂ ਹਨ। ਇਹ ਪ੍ਰਕਿਰਿਆ ਬੁੱਧਵਾਰ ਤੋਂ ਲਾਗੂ ਹੋ ਗਈ ਹੈ। ਰੀਮਰ ਨੇ ਦੱਸਿਆ ਕਿ ਇਹ ਫ਼ੈਸਲਾ ਪਿਛਲੇ ਹਫ਼ਤੇ ਟੀਕਾਕਰਣ ਬਾਰੇ ਕੌਮੀ ਸਲਾਹਕਾਰ ਕਮੇਟੀ ਵਲੋਂ ਜਾਰੀ ਗਾਈਡੈਂਸ ਪਿੱਛੋਂ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਵਿਅਕਤੀ ਜਿਨ੍ਹਾਂ ਦੀ ਬਿਮਾਰੀ ਨਾਲ ਲੜਨ ਦੀ ਤਾਕਤ ਕਮਜ਼ੋਰ ਹੈ ਨੂੰ ਟੀਕੇ ਦੀਆਂ ਦੋ ਖ਼ੁਰਾਕਾਂ ਕੋਵਿਡ-19 ਖ਼ਾਸਕਰ ਬਹੁਤ ਹੀ ਤੇਜ਼ੀ ਨਾਲ ਫੈਲਣ ਵਾਲੇ ਡੈਲਟਾ ਵੈਰੀਐਂਟ ਖਿਲਾਫ ਸ਼ਾਇਦ ਵਧੇਰੇ ਸੁੱਰਖਿਆ ਨਹੀਂ ਮੁਹੱਈਆ ਕਰ ਸਕਦੀਆਂ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com





WE HAVE MOVED TO BIGGER & BETTER LOCATION
#208-7110-120TH ST, SURREY
ICBC
NO WIN NO FEE
WE DO HOME & HOSPITAL VISITS
Your Lawyers, Because We Care
Criminal Law
Divorce Cases
Immigration Law
Notary Services
Singh Thind and Associates
BARRISTERS & SOLICITORS
#208 7110 120TH ST,
SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ‘ਕਾਸ਼ ! ਮੈਂ ਕਦੇ ਟਰੂਡੋ ਨੂੰ ਨਾ ਮਿਲਦੀ’

## ਵਿਲਸਨ-ਰੇਬੋਲਡ ਵਲੋਂ ਆਪਣੀ ਨਵੀਂ ਕਿਤਾਬ ਵਿਚ ਖੁਲਾਸਾ

ਓਟਵਾ-ਜੂਡੀ ਵਿਲਸਨ-ਰੇਬੋਲਡ ਦਾ ਕਹਿਣਾ ਕਿ ਉਸ ਨੂੰ ਹੁਣ ਆਪਣੇ ਆਪ 'ਤੇ ਗੁੱਸਾ ਹੈ ਕਿਉਂਕਿ ਉਸ ਨੇ ਇਕ ਵਾਰ ਸੋਚਿਆ ਸੀ ਕਿ ਟਰੂਡੋ ਇਕ ਇਮਾਨਦਾਰ ਤੇ ਚੰਗਾ ਵਿਅਕਤੀ ਹੈ ਜਦਕਿ ਸਚਾਈ ਇਹ ਹੈ ਕਿ ਉਹ ਜਨਤਕ ਤੌਰ 'ਤੇ ਬਹੁਤ ਝੂਠ ਬੋਲਦਾ ਹੈ। ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜੋਡੀ ਵਿਲਸਨ-ਰੇਬੋਲਡ ਨੂੰ ਨਿਆਂ ਮੰਤਰੀ ਤੇ ਅਟਾਰਨੀ ਜਨਰਲ ਦੇ ਅਹੁਦੇ ਤੋਂ ਹਟਾ ਦਿੱਤਾ ਤਾਂ




ਉਸ ਨੇ ਗੁਪਤ ਚਿਤਾਵਨੀ ਦੇਣ ਲਈ ਕੈਬਨਿਟ ਦੇ ਸਹੁੰ ਚੁੱਕ ਸਮਾਰੋਹ ਵਿਖੇ ਆਪਣੇ ਜਾਨਸ਼ੀਨ ਕੋਲ ਤਕ ਪਹੁੰਚ ਕੀਤੀ ਸੀ। ਪਹਿਲਾਂ ਤਾਂ ਉਸ ਨੇ ਡੇਵਿਡ ਲੈਮੇਟੀ ਨੂੰ ਉਸ ਦੀ ਨਵੀਂ ਭੂਮਿਕਾ ਲਈ ਵਧਾਈ ਦਿੱਤੀ ਅਤੇ ਟਰਾਂਜ਼ੀਸਨ ਵਿਚ ਆਪਣੀ ਸਹਾਇਤਾ ਦੀ ਪੇਸ਼ਕਸ਼ ਕੀਤੀ। ਵਿਲਸਨ-ਰੇਬੋਲਡ ਨੇ ਆਪਣੀ ਨਵੀਂ ਕਿਤਾਬ ‘ਇੰਡੀਅਨ ਇਨ ਦੀ ਕੈਬਨਿਟ’ ਵਿਚ ਲਿਖਿਆ ਕਿ ਫਿਰ ਉਹ ਜਾਣਬੁੱਝ ਕੇ (ਪ੍ਰਿਵੀ ਕੌਂਸਲ ਕਲਰਕ) ਮਾਈਕਲ ਵੇਰਨਿਕ ਨਾਲ ਈਅਰਸ਼ਾਟ ਵਿਚ ਖੜ ਗਈ ਅਤੇ ਉਸ ਨੇ ਲੈਮੇਟੀ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਚੌਕਸ ਰਹਿਣ, ਜੋ ਕੁਝ ਦਿਸਦਾ ਹੈ ਉਹ ਹੈ ਨਹੀਂ। ਜਦੋਂ ਉਸ ਨੇ ਇਹ ਗੱਲ ਕਹੀ ਤਾਂ ਉਸ ਨੇ ਸਿੱਧਾ ਕਲਰਕ ਵੱਲ ਦੇਖਿਆ। ਲੈਮੇਟੀ ਨੇ ਜਵਾਬ ਦਿੱਤਾ ਕਿ ਪਤਾ ਲੱਗ ਗਿਆ ਹੈ। ਵਿਲਸਨ-ਰੇਬੋਲਡ ਦੀ ਕਿਤਾਬ ਜਿਹੜੀ ਇਸ ਹਫ਼ਤੇ ਕਿਤਾਬਾਂ ਦੀਆਂ ਦੁਕਾਨਾਂ 'ਤੇ ਪਹੁੰਚ ਜਾਵੇਗੀ ਵਿਚ ਉਸ ਨੇ ਪਿਛੋਕੜ ਨੂੰ ਯਾਦ ਕੀਤਾ ਕਿ ਉਹ ਕਿਵੇਂ ਸਾਵਧਾਨੀ ਪਰ ਆਸ਼ਾਵਾਦ ਹੋ ਕੇ ਰਾਜਨੀਤੀ ਵਿਚ ਦਾਖਲ ਹੋਈ ਅਤੇ ਫਿਰ ਕੈਨੇਡਾ ਦੀ ਪਹਿਲੀ ਮੂਲਵਾਸੀ ਨਿਆਂ ਮੰਤਰੀ ਬਣੀ ਅਤੇ ਟਰੂਡੋ ਦੇ ਚੋਟੀ ਦੇ ਸਟਾਫਰਾਂ ਗੇਰਾਲਡ ਬਟਸ ਤੇ ਕੈਟੀ ਟੈਲਫੋਲਡ ਵਲੋਂ ਕੀਤੇ ਕੰਟਰੋਲ ਖਿਲਾਫ ਲੜੀ ਜਦੋਂ ਤਕ ਇਸ ਵਿਚ ਐਸਐਨਸੀ-ਲੈਵਲਿਨ ਘੁਟਾਲੇ ਨਾਲ ਵਿਘਨ ਨਹੀਂ ਪਿਆ।

# ਤਿੰਨ ਸਾਲਾ ਅਫਗਾਨ ਲੜਕਾ ਦੋ ਹਫ਼ਤੇ ਕਤਰ ਵਿਚ ਇਕੱਲਾ ਰਹਿਣ ਪਿੱਛੋਂ ਆਪਣੇ ਪਿਤਾ ਨੂੰ ਮਿਲਿਆ

ਟੋਰਾਂਟੋ-ਤਿੰਨ ਸਾਲਾ ਅਫਗਾਨ ਲੜਕਾ ਦੋ ਸਾਲਾਂ ਵਿਚ ਪਹਿਲੀ ਵਾਰ ਓਨਟਾਰੀਓ ਵਿਚ ਆਪਣੇ ਪਿਤਾ ਨੂੰ ਮੁੜ ਮਿਲਿਆ ਹੈ। ਉਹ ਕਾਬੁਲ ਹਵਾਈ ਅੱਡੇ ਵਿਖੇ ਆਤਮਘਾਤੀ ਬੰਬ ਧਮਾਕੇ ਵਿਚ ਵਾਲ ਵਾਲ ਬਚਣ ਪਿੱਛੋਂ ਕਤਰ ਵਿਚ ਇਕ ਯਤੀਮਖਾਨੇ ਵਿਚ ਦੋ ਹਫ਼ਤੇ ਤੋਂ ਵੀ ਵੱਧ ਸਮਾਂ ਇਕੱਲਾ ਫਸਿਆ ਰਿਹਾ ਹੈ। ਇਸ ਬੰਬ ਧਮਾਕੇ ਵਿਚ ਘੱਟੋ ਘੱਟ 169 ਅਫਗਾਨੀ ਨਾਗਰਿਕ ਤੇ 13 ਅਮਰੀਕੀ ਸੈਨਿਕ ਮਾਰੇ ਗਏ ਸਨ। ਮਾਈਗਰੇਸ਼ਨ ਬਾਰੇ ਸੰਯੁਕਤ ਰਾਸ਼ਟਰ ਸੰਗਠਨ ਦੇ ਪ੍ਰਾਜੈਕਟ ਅਫਸਰ ਸਟੇਲਾ ਸ਼ੁਰੀਨਾ ਜਿਹੜਾ ਦੋਹਾ ਤੋਂ ਕੈਨੇਡਾ ਆਉਣ ਤੋਂ ਪਹਿਲਾਂ ਅਲੀ ਨੂੰ ਮਿਲਿਆ ਨੇ ਕਿਹਾ ਕਿ ਉਹ ਬਹੁਤ ਵਿਲੱਖਣ ਬੱਚਾ ਹੈ, ਉਸ ਨੇ ਆਪਣੀ ਉਮਰ ਤੇ ਲਿਹਾਜ ਨਾਲ ਬਹੁਤ ਵਧੀਆ ਤੇ ਸਿਆਣਾ ਵਿਵਹਾਰ ਕੀਤਾ ਹੈ। ਅਲੀ ਦੇ ਪਰਿਵਾਰ ਨੂੰ 28 ਅਗਸਤ ਨੂੰ ਹੋਰ ਸ਼ਰਨਾਰਥੀਆਂ ਨਾਲ ਹਵਾਈ ਰਸਤੇ ਦੋਹਾ ਲਿਆਂਦਾ ਗਿਆ ਜਿਥੋਂ ਉਹ ਸੰਯੁਕਤ ਰਾਸ਼ਟਰ, ਕੈਨੇਡੀਅਨ ਤੇ ਕਤਰ ਸਰਕਾਰਾਂ ਦੇ ਤਾਲਮੇਲ ਨਾਲ ਟੋਰਾਂਟੋ ਦੇ ਪੀਅਰਸਨ ਹਵਾਈ ਅੱਡੇ 'ਤੇ ਪੁੱਜਾ।


WANT TO BUY / SELL?
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

5137 CALVERT DR, DELTA

Beautiful in and outside totally remodelled. 3 bedroom, 2 Bathroom Rancher. 66'x102' lot in a very desirable area.
ASKING ONLY $1,049,000

6340 BUSWELL ST, RICHMOND

Offer Accepted Now !!
Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

COMING SOON !!
Industrial Warehouse in Richmond Near No. 6 Road on 1999 Savage. Call for more info.

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ ‘ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ ‘ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES

Lifetime Limited Warranty
“We are not satisfied until you are”
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



# ਕੇਸਗੜ੍ਹ ਵਿਖੇ ਬੇਅਦਬੀ ਦੀ ਘਟਨਾ ਡੇਰਾ ਸਿਰਸਾ ਵਾਲਿਆਂ ਕਰਵਾਈ-ਬੀਬੀ ਜਗੀਰ ਕੌਰ

ਸ੍ਰੀ ਆਨੰਦਪੁਰ ਸਾਹਿਬ-ਬੀਤੇ ਦਿਨੀਂ ਤਖ਼ਤ ਕੇਸਗੜ੍ਹ ਸਾਹਿਬ 'ਤੇ ਵਾਪਰੀ ਬੇਅਦਬੀ ਦੀ ਘਟਨਾ ਸਬੰਧੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਤਖ਼ਤ ਸਾਹਿਬ ਵਿਖੇ ਵਾਪਰੀ ਘਟਨਾ ਦਾ ਜਾਇਜ਼ਾ ਲਿਆ। ਤਖ਼ਤ ਦੇ ਜਥੇਦਾਰ ਅਤੇ ਹੋਰਨਾਂ ਮੈਂਬਰਾਂ ਨਾਲ ਕੀਤੀ ਮੀਟਿੰਗ ਮਗਰੋਂ ਪੱਤਰਕਾਰ ਮਿਲਣੀ ਦੌਰਾਨ ਉਨ੍ਹਾਂ ਕਿਹਾ ਕਿ ਬੀਤੇ ਲੰਮੇ ਸਮੇਂ ਤੋਂ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਹੁਣ ਤਖ਼ਤ ਸਾਹਿਬਾਨ ਤੱਕ ਪਹੁੰਚ ਗਈਆਂ ਹਨ। ਉਨ੍ਹਾਂ ਕਿਹਾ ਬਹੁਤੀਆਂ ਘਟਨਾਵਾਂ ਸਿੱਖ ਵਿਰੋਧੀ ਏਜੰਸੀਆਂ ਵੱਲੋਂ ਕਰਵਾਈਆਂ ਜਾ ਰਹੀਆਂ ਹਨ ਤੇ ਇਨ੍ਹਾਂ ਦਾ ਸੱਚ ਸਾਹਮਣੇ ਲਿਆਉਣਾ ਸਰਕਾਰ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਹੁਣ ਤੱਕ ਦੀ ਹੋਈ ਤਫਤੀਸ਼ ਮੁਤਾਬਕ ਇਸ ਘਟਨਾ ਦੇ ਤਾਰ ਡੇਰਾ ਸਿਰਸਾ ਨਾਲ ਜੁੜੇ ਹੋਏ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਦੇ ਮਾਂ-ਬਾਪ ਡੇਰਾ ਸਿਰਸਾ ਨਾਲ ਸਬੰਧਿਤ ਹਨ ਤੇ ਪਿਤਾ ਡੇਰੇ ਦੀ ਸੱਤ ਮੈਂਬਰੀ ਕਮੇਟੀ ਦਾ ਮੈਂਬਰ ਹੈ। ਮੁਲਜ਼ਮ ਦਾ ਵਿਆਹ ਵੀ ਡੇਰਾ ਪ੍ਰੇਮੀ ਲੜਕੀ ਨਾਲ ਹੋਇਆ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਵਿਰੋਧੀ ਏਜੰਸੀਆਂ ਬੇਅਦਬੀ ਦੀਆਂ ਘਟਨਾਵਾਂ ਕਰਵਾ ਕੇ ਸਿੱਖਾਂ ਨੂੰ ਆਪਸ ਵਿਚ ਲੜਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਕਰਨ ਵਾਲਿਆਂ ਨੂੰ ਪਾਗਲ ਜਾਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਦੱਸ ਕੇ ਪੱਲਾ ਛੁਡਾਇਆ ਜਾ ਰਿਹਾ ਹੈ। ਪ੍ਰੈੱਸ ਕਾਨਫਰੰਸ ਮਗਰੋਂ ਜਦੋਂ ਬੀਬੀ ਜਗੀਰ ਕੌਰ ਬਾਹਰ ਆਏ ਤਾਂ ਤਖ਼ਤ ਸਾਹਿਬ ਦੇ ਸਾਹਮਣੇ ਪਸ਼ਚਾਤਾਪ ਕਰ ਰਹੀ ਸੰਗਤ ਨੇ ਰੋਹ ਵਿੱਚ ਆ ਕੇ ਜੈਕਾਰੇ ਲਾਉਣੇ ਸ਼ੁਰੂ ਕਰ ਦਿੱਤੇ। ਸੰਗਤ ਵਿੱਚ ਪਹੁੰਚ ਕੇ ਉਨ੍ਹਾਂ ਦੋਸ਼ੀ ਖ਼ਿਲਾਫ਼ ਸਖ਼ਤ ਕਾਰਵਾਈ ਕਰਵਾਉਣ ਦਾ ਭਰੋਸਾ ਦਿੱਤਾ।

# ਭਾਜਪਾ ਦੇ ਬੁਲਾਰੇ ਬਣੇ ਸਾਬਕਾ ਫੈਡਰੇਸ਼ਨ ਆਗੂ ਕਾਹਲੋਂ ਵੱਲੋਂ ਕਿਸਾਨਾਂ ਬਾਰੇ ਬਿਆਨ ਉਪਰ ਵਿਵਾਦ

ਜਲੰਧਰ-ਭਾਜਪਾ ਦੇ ਨਵ-ਨਿਯੁਕਤ ਸੂਬਾਈ ਬੁਲਾਰੇ ਐਡਵੋਕੇਟ ਹਰਿੰਦਰ ਸਿੰਘ ਕਾਹਲੋਂ ਵੱਲੋਂ ਕਿਸਾਨਾਂ ਨੂੰ ਡਾਂਗਾਂ ਮਾਰ ਕੇ ਭਜਾਉਣ ਬਾਰੇ ਦਿੱਤੇ ਬਿਆਨ ਨੇ ਸੂਬੇ ਦੀ ਸਿਆਸਤ ਭਖਾ ਦਿੱਤੀ ਹੈ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਹੀ ਕਈ ਆਗੂਆਂ ਨੇ ਕਾਹਲੋਂ ਦੇ ਬਿਆਨ ਦੀ ਨਿਖੇਧੀ ਕੀਤੀ।ਜ਼ਿਕਰਯੋਗ ਹੈ ਕਿ ਹਰਿੰਦਰ ਸਿੰਘ ਕਾਹਲੋਂ ਦੇ ਸਵਾਗਤ ਲਈ ਜਲੰਧਰ ਦੇ ਸ਼ੀਤਲਾ ਮੰਦਰ ਵਿਚਲੇ ਪਾਰਟੀ ਦਫ਼ਤਰ 'ਚ ਸਮਾਗਮ ਰੱਖਿਆ ਹੋਇਆ ਸੀ। ਇਸ ਨੂੰ ਸੰਬੋਧਨ ਕਰਦਿਆਂ ਸੂਬਾਈ ਬੁਲਾਰੇ ਕਾਹਲੋਂ ਨੇ ਕਿਹਾ ਸੀ "ਇਹ ਤਾਂ ਮੋਦੀ ਸਾਬ੍ਹ ਬੈਠੇ ਨੇ ਉੱਤੇ, ਜਿਹੜੇ ਤੁਹਾਡੇ ਨਾਲ ਪਿਆਰ ਕਰੀ ਜਾ ਰਹੇ ਨੇ, ਜੇ ਬਦਕਿਸਮਤੀ ਨਾਲ ਮੇਰੇ ਦਿਮਾਗ ਵਾਲਾ ਬੰਦਾ ਬੈਠਾ ਹੁੰਦਾ ਤਾਂ ਹੁਣ ਤਾਈਂ ਮਾਰ-ਮਾਰ ਡਾਂਗਾਂ ਤੁਹਾਨੂੰ ਜੇਲ੍ਹਾਂ ਵਿਚ ਬੰਦ ਕਰ ਦਿੰਦਾ। ਇਨ੍ਹਾਂ ਦਾ ਹਾਲ ਹੁਣ ਏਹੀ ਕਰਨਾ ਪੈਣਾ।" 'ਜਾਗਦਾ ਪੰਜਾਬ' ਅਤੇ ਭਾਜਪਾ ਦੇ ਸਾਬਕਾ ਬੁਲਾਰੇ ਰਾਕੇਸ਼ ਸ਼ਾਂਤੀਦੂਤ ਨੇ ਐਡਵੋਕੇਟ ਕਾਹਲੋਂ ਦੇ ਬਿਆਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਆੜ ਹੇਠ ਸਿਆਸੀ ਪਾਰਟੀਆਂ ਆਪਣਾ ਲਾਹਾ ਲੈਣਾ ਚਾਹੁੰਦੀਆਂ ਹਨ ਤੇ ਅਜਿਹੀ ਬਿਆਨਬਾਜ਼ੀ ਨਾਲ ਸੂਬੇ ਦੇ ਸਮਾਜਿਕ ਤਾਣੇ-ਬਾਣੇ 'ਤੇ ਪ੍ਰਭਾਵ ਪੈਣ ਦਾ ਖਦਸ਼ਾ ਹੈ। ਉਨ੍ਹਾਂ ਕਿਹਾ ਕਿ ਅਜਿਹੀ ਬਿਆਨਬਾਜ਼ੀ ਕਿਸੇ ਵੀ ਪਾਰਟੀ ਵੱਲੋਂ ਨਹੀਂ ਹੋਣੀ ਚਾਹੀਦੀ। ਕਾਂਗਰਸ ਦੇ ਬੁਲਾਰੇ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਅਜਿਹੀ ਤਲਖ ਟਿੱਪਣੀ ਕਰਨੀ ਭਾਜਪਾ ਲੀਡਰਸ਼ਿਪ ਨੂੰ ਸ਼ੋਭਾ ਨਹੀਂ ਦਿੰਦੀ। ਅਕਾਲੀ ਦਲ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਹਰਿੰਦਰ ਸਿੰਘ ਕਾਹਲੋਂ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਦਿੱਤਾ ਬਿਆਨ ਇਕ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਅਜਿਹੀ ਬਿਆਨਬਾਜ਼ੀ ਨਾਲ ਭਾਜਪਾ ਵੱਲੋਂ ਪੰਜਾਬ ਨੂੰ ਰਾਸ਼ਟਰਪਤੀ ਰਾਜ ਵੱਲ ਧੱਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।



# ਕਿਸਾਨ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਦੇ ਬਿਆਨ ਕਿਸਾਨ ਵਿਰੋਧੀ ਕਰਾਰ

ਚੰਡੀਗੜ੍ਹ-ਪੰਜਾਬ ਵਿੱਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਚੱਲ ਰਹੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨ ਬੁਲਾਰਿਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਦਿੱਤੀ ਨਸੀਹਤ ਨੂੰ ਕਿਸਾਨ ਅੰਦੋਲਨ ਵਿਰੋਧੀ ਕਰਾਰ ਦਿੱਤਾ। ਪੰਜਾਬ ਭਰ ਦੇ ਟੋਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਮਾਲਾਂ, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਅੱਗੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਦੇ ਸਾਢੇ ਚਾਰ ਸਾਲਾਂ ਦੌਰਾਨ ਕੁਝ ਵੀ ਨਹੀਂ ਕੀਤਾ ਅਤੇ ਹੁਣ ਚੋਣਾਂ ਨੇੜੇ ਆਉਣ ਦੇ ਮੱਦੇਨਜ਼ਰ ਜਿਵੇਂ ਹੀ ਉਹ ਹਰ ਪਾਸਿਓਂ ਘਿਰਦੇ ਦਿਖਾਈ ਦੇ ਰਹੇ ਹਨ ਤਾਂ ਆਪਣੀ ਸਰਕਾਰ ਦੀਆਂ ਨਾਕਾਮੀਆਂ ਦਾ ਭਾਂਡਾ ਕਿਸਾਨਾਂ ਦੇ ਸਿਰ ਭੰਨਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗਿਆਰਾਂ ਮਹੀਨਿਆਂ ਤੋਂ ਚੱਲ ਰਹੇ ਅੰਦੋਲਨ ਨੇ ਹਾਲੇ ਤੱਕ ਤਾਂ ਸਰਕਾਰ ਦੇ ਵਿਕਾਸ ਕਾਰਜਾਂ 'ਚ ਕੋਈ ਅੜਿੱਕਾ ਨਹੀਂ ਪਾਇਆ। ਇਸ ਮੌਕੇ ਕਿਸਾਨ ਆਗੂਆਂ ਨੇ ਮੁੱਖ ਮੰਤਰੀ ਦੇ ਬਿਆਨ ਨੂੰ ਅੰਦੋਲਨ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਕੈਪਟਨ ਦਾ ਬਿਆਨ ਅਸਲ ਵਿੱਚ ਕਾਰਪੋਰੇਟ ਪੱਖੀ ਹੈ। ਉਨ੍ਹਾਂ ਕਿਹਾ ਕਿ ਲੋਕ ਵਿਰੋਧੀ ਨੀਤੀਆਂ ਦੀ ਜਨਮ ਦਾਤੀ ਕਾਂਗਰਸ ਪਾਰਟੀ ਹੀ ਹੈ। ਉਹ ਕਾਂਗਰਸੀ ਆਗੂ ਮਨਮੋਹਨ ਸਿੰਘ ਹੀ ਸਨ, ਜਿਨ੍ਹਾਂ 1991 ਵਿੱਚ ਖੁੱਲ੍ਹੀ ਮੰਡੀ ਦੀਆਂ ਪੈਰੋਕਾਰ ਨੀਤੀਆਂ ਦੀ ਸ਼ੁਰੂਆਤ ਕੀਤੀ ਸੀ। ਆਗੂਆਂ ਨੇ ਪਿਛਲੇ ਦਿਨੀਂ ਹਿਮਾਚਲ ਪ੍ਰਦੇਸ਼ ਦੇ ਸੇਬ ਉਤਪਾਦਕਾਂ ਵੱਲੋਂ ਕੀਤੇ ਰੋਸ ਮੁਜ਼ਾਹਰਿਆਂ ਨੂੰ ਸ਼ੁਭ ਸੰਕੇਤ ਆਖਿਆ। ਆਗੂਆਂ ਨੇ ਕਿਹਾ ਕਿ ਸੇਬ ਉਤਪਾਦਕ ਸਮਝ ਚੁੱਕੇ ਹਨ ਕਿ ਅਡਾਨੀ ਕਾਰਪੋਰੇਟ ਘਰਾਣੇ ਨੇ ਕੋਲਡ ਸਟੋਰ ਕਿਸਾਨਾਂ ਦੇ ਫਾਇਦੇ ਲਈ ਨਹੀਂ ਬਣਾਏ ਬਲਕਿ ਸੇਬ ਮੰਡੀ ਨੂੰ ਕੰਟਰੋਲ ਕਰਨ ਅਤੇ ਕੀਮਤਾਂ ਨੂੰ ਆਪਣੀ ਮਰਜ਼ੀ ਅਨੁਸਾਰ ਤੈਅ ਕਰਨ ਲਈ ਬਣਾਏ ਹਨ।


## Injured in an accident?

## ICBC claim?

## We can help.

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

### ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

We Can Help You Sell Your House!
**Satvir Cheema**
**604-240-9148**
CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 18 ਸਤੰਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
**Amrik Cheema**
*PREC
**604-369-7000**
CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

# ਪ੍ਰਸਿੱਧ ਅਦਾਕਾਰ ਤੇ ਕਾਂਗਰਸੀ ਆਗੂ ਰਾਜ ਬੱਬਰ ਵੱਲੋਂ ਕਿਸਾਨ ਸੰਘਰਸ਼ ਦਾ ਸਮਰਥਨ

## ਬੱਬਰ ਤੇ ਕੇ.ਸੀ. ਬਕਾਡੀਆ ਨੇ ਦਰਬਾਰ ਸਾਹਿਬ ਮੱਥਾ ਟੇਕਿਆ



ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਉੱਘੇ ਕਲਾਕਾਰ ਅਤੇ ਕਾਂਗਰਸੀ ਆਗੂ ਰਾਜ ਬੱਬਰ ਨੇ ਇੱਥੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਜੇ ਦੇਸ਼ ਭਰ ਦੇ ਕਿਸਾਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ਤਾਂ ਉਹ ਗ਼ਲਤ ਨਹੀਂ ਹੋ ਸਕਦੇ। ਉਹ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਣ ਲਈ ਆਏ ਸਨ। ਉਨ੍ਹਾਂ ਨਾਲ ਫਿਲਮ ਨਿਰਮਾਤਾ ਕੇ ਸੀ ਬੋਕਾਡੀਆ ਵੀ ਸਨ। ਇਸ ਮੌਕੇ ਉਨ੍ਹਾਂ ਕੋਈ ਵੀ ਸਿਆਸੀ ਗੱਲਬਾਤ ਕਰਨ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਉਹ ਸਿਆਸਤਦਾਨ ਵਜੋਂ ਨਹੀਂ ਬਲਕਿ ਨਿੱਜੀ ਤੌਰ 'ਤੇ ਮੱਥਾ ਟੇਕਣ ਲਈ ਆਏ ਹਨ। ਉਨ੍ਹਾਂ ਮੌਜੂਦਾ ਸਿਆਸਤ ਬਾਰੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਸੰਕੋਚ ਕੀਤਾ। ਕਿਸਾਨ ਸੰਘਰਸ਼ ਬਾਰੇ ਉਨ੍ਹਾਂ ਕਿਹਾ ਕਿ ਉਹ ਕਿਸਾਨ ਸੰਘਰਸ਼ ਦਾ ਸਮਰਥਨ ਕਰਦੇ ਹਨ। ਜੇ ਦੇਸ਼ ਭਰ ਦੇ ਕਿਸਾਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ਤਾਂ ਸਾਰੇ ਕਿਸਾਨ ਕਿਵੇਂ ਗ਼ਲਤ ਹੋ ਸਕਦੇ ਹਨ। ਸਰਕਾਰ ਨੂੰ ਕਿਸਾਨਾਂ ਦੇ ਨਜ਼ਰੀਏ ਤੋਂ ਵੀ ਗੱਲ ਨੂੰ ਸਮਝਣਾ ਚਾਹੀਦਾ ਹੈ। ਹਰਿਆਣਾ 'ਚ ਕਿਸਾਨਾਂ 'ਤੇ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਉੱਥੇ ਜੋ ਕੁਝ ਵੀ ਕਿਸਾਨਾਂ ਨਾਲ ਵਾਪਰਿਆ, ਉਹ ਠੀਕ ਨਹੀਂ ਸੀ। ਕਿਸਾਨਾਂ ਨਾਲ ਹਿੰਸਕ ਢੰਗ ਨਾਲ ਪੇਸ਼ ਆਉਣਾ ਜਾਇਜ਼ ਨਹੀਂ ਹੈ। ਇਸ ਮੌਕੇ ਸ੍ਰੀ ਬੱਬਰ ਨੇ ਆਖਿਆ ਕਿ ਉਹ ਜਦੋਂ ਵੀ ਅੰਮ੍ਰਿਤਸਰ ਆਉਂਦੇ ਹਨ ਤਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਜ਼ਰੂਰ ਜਾਂਦੇ ਹਨ। ਇਹ ਸ਼ਹਿਰ ਉਨ੍ਹਾਂ ਦਾ ਆਪਣਾ ਘਰ ਵਰਗਾ ਹੈ। ਉਨ੍ਹਾਂ ਇੱਥੇ ਆਪਣਾ ਬਚਪਨ ਬਿਤਾਇਆ ਹੈ। ਇਸ ਮੌਕੇ ਉਨ੍ਹਾਂ ਆਪਣੀ ਨਵੀਂ ਆ ਰਹੀ ਫਿਲਮ 'ਭੂਤ ਅੰਕਲ ਤੁਸੀਂ ਗਰੇਟ ਹੋ' ਬਾਰੇ ਵੀ ਜਾਣਕਾਰੀ ਦਿੱਤੀ।

Offering Services For All Your Business and Real Estate Needs
- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION
www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

#308 5419 201A ST

$499,888
Welcome to Vista Gardens, a well-maintained building located in a central location of langley with walking distance to Linwood Park and Downtown Langley. This top-floor unit is one of the best layouts in the building with two generous size bedrooms and two bathrooms. There is storage inside your own laundry room and two separate storage lockers, one beside the unit and one underground. One Secure parking underground and tons of parking out in front of the building. The building has a new roof, the levy has been paid for the cladding work that will happen in the next year. The strata fee includes a gas fireplace and Hot water. Call now to book your private showing.

14317 31A AVENUE

$4,488,000
Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

1426 KENT

$1,599,000
Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

9858 HUCKLEBERRY DRIVE

Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.

Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555
www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***


Liberal
Vote for Child Care
Vote for Seniors Support
Vote for Housing
Vote for a Strong Voice
Vote for Harjit Sajjan
ਬੱਚਿਆਂ ਦੀ ਦੇਖਭਾਲ ਲਈ ਵੋਟ ਪਾਓ
ਬਜ਼ੁਰਗਾਂ ਦੀ ਸੰਭਾਲ ਲਈ ਵੋਟ ਪਾਓ
ਹਾਊਸਿੰਗ ਲਈ ਵੋਟ ਪਾਓ
ਸਥਾਨਕ ਮਜ਼ਬੂਤ ਪ੍ਰਤੀਨਿਧੀ ਲਈ ਵੋਟ ਪਾਓ
ਹਰਜੀਤ ਸਿੰਘ ਸੱਜਣ ਨੂੰ ਵੋਟ ਪਾਓ
ELECTION DAY: SEPTEMBER 20, 2021
ਵੋਟ ਪਾਉਣ ਦਾ ਦਿਨ : ਸਤੰਬਰ 20, 2021
RE-ELECT
Harjit
Sajjan
VANCOUVER SOUTH
604-301-3088
www.harjitsajjan.ca
team@harjitsajjan.ca
6591 Victoria Drive
Authorized by the official agent for Harjit Sajjan

# ਵਿਰਾਟ ਕੋਹਲੀ ਵੱਲੋਂ ਟੀ-20 ਦੀ ਕਪਤਾਨੀ ਛੱਡਣ ਦਾ ਐਲਾਨ




ਦੁਬਈ-ਕ੍ਰਿਕਟ ਕਪਤਾਨ ਵਿਰਾਟ ਕੋਹਲੀ ਨੇ ਐਲਾਨ ਕੀਤਾ ਕਿ ਉਹ ਸੰਯੁਕਤ ਅਰਬ ਅਮੀਰਾਤ ਵਿੱਚ ਹੋਣ ਵਾਲੇ ਟੀ-20 ਵਿਸ਼ਵ ਕੱਪ ਤੋਂ ਬਾਅਦ ਭਾਰਤੀ ਟੀ-20 ਟੀਮ ਦੀ ਕਪਤਾਨੀ ਛੱਡ ਦੇਣਗੇ ਪਰ ਉਹ ਇਕ ਰੋਜ਼ਾ ਅਤੇ ਟੈਸਟ ਕ੍ਰਿਕਟ ਟੀਮ ਦੀ ਅਗਵਾਈ ਕਰਦੇ ਰਹਿਣਗੇ। ਕੋਹਲੀ ਨੇ ਆਪਣੇ ਟਵਿੱਟਰ ਪੇਜ 'ਤੇ ਇਕ ਬਿਆਨ ਪੋਸਟ ਕੀਤਾ, " ਮੈਂ ਅਕਤੂਬਰ ਵਿੱਚ ਦੁਬਈ ਵਿੱਚ ਹੋਣ ਵਾਲੇ ਟੀ-20 ਵਿਸ਼ਵ ਕੱਪ ਤੋਂ ਬਾਅਦ ਟੀ-20 ਕਪਤਾਨ ਵਜੋਂ ਆਪਣਾ ਅਹੁਦਾ ਛੱਡਣ ਦਾ ਫੈਸਲਾ ਕੀਤਾ ਹੈ।" ਉਨ੍ਹਾਂ ਕਿਹਾ ਕਿ ਟੀ-20 ਟੀਮ ਦੀ ਕਪਤਾਨੀ ਛੱਡਣ ਦਾ ਫੈਸਲਾ ਨੇੜਲੇ ਲੋਕਾਂ, ਮੁੱਖ ਕੋਚ ਰਵੀ ਸ਼ਾਸਤਰੀ ਅਤੇ ਰੋਹਿਤ ਸ਼ਰਮਾ ਨਾਲ ਸਲਾਹ ਮਸ਼ਵਰੇ ਬਾਅਦ ਲਿਆ ਗਿਆ ਹੈ। ਟੀ-20 ਵਿਸ਼ਵ ਕੱਪ 17 ਅਕਤੂਬਰ ਤੋਂ ਸ਼ੁਰੂ ਹੋਵੇਗਾ।

BUSY BOYS
ELECTRICAL LTD.

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation



C: 604.837.3101
O: 778.590.5906
#111-8132 130th St., Surrey BC
busyboyslectrical@gmail.com
www.busyboyselectrical.com
ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਫੋਨ ਕਰੋ

# ਅਮਰੀਕਾ ਤੇ ਅਤਵਾਦੀ ਹਮਲੇ ਉਪਰੰਤ ਨਸਲੀ ਹਿੰਸਾ ਦੇ ਸ਼ਿਕਾਰ ਬਣੇ ਪਹਿਲੇ ਸਿੱਖ ਸੋਢੀ ਨੂੰ ਯਾਦ ਕੀਤਾ

ਵਾਸ਼ਿੰਗਟਨ-ਅਮਰੀਕਾ ਦੇ ਰਸੂਖਦਾਰ ਸੰਸਦ ਮੈਂਬਰਾਂ ਨੇ ਬਲਬੀਰ ਸਿੰਘ ਸੋਢੀ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਸੋਢੀ ਪਹਿਲੇ ਅਮਰੀਕਨ ਸਿੱਖ ਸਨ, ਜਿਹੜੇ 9/11 ਦੇ ਅਤਿਵਾਦੀ ਹਮਲੇ ਤੋਂ ਬਾਅਦ ਨਸਲੀ ਹਮਲੇ ਦਾ ਸ਼ਿਕਾਰ ਬਣੇ। ਅਮਰੀਕਾ ਦੇ 9/11 ਦੇ ਅਤਿਵਾਦੀ ਹਮਲਿਆਂ ਵਿੱਚ 90 ਤੋਂ ਵੱਧ ਦੇਸ਼ਾਂ ਦੇ 3,000 ਲੋਕ ਮਾਰੇ ਗਏ ਸਨ। ਹਮਲੇ ਦੇ ਸਿਰਫ ਚਾਰ ਦਿਨਾਂ ਬਾਅਦ ਬਲਬੀਰ ਨੂੰ ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਕਥਿਤ ਤੌਰ ਤੇ ਬਦਲਾ ਲੈਣ ਦੇ ਇਰਾਦੇ ਨਾਲ ਮਾਰ ਦਿੱਤਾ ਗਿਆ ਸੀ। ਉਹ ਨਸਲੀ ਹਿੰਸਾ ਦਾ ਸ਼ਿਕਾਰ ਹੋਣ ਵਾਲੇ ਪਹਿਲੇ ਅਮਰੀਕੀ ਸਿੱਖ ਸਨ ਜਿਹਨਾਂ ਨੂੰ ਮੁਸਲਿਮ ਸਮਝਕੇ ਨਿਸ਼ਾਨਾ ਬਣਾਇਆ ਗਿਆ ਸੀ।



✔ Help make it **easier & more affordable** to buy a first home

✔ Help build a **stronger public health care system** for everyone

✔ **A Permanent annual increase** to GIS payments for seniors

FORWARD.
**FOR EVERYONE.**

liberal.ca

Authorized by the registered agent for the Liberal Party of Canada.

# ਈ.ਡੀ. ਵੱਲੋਂ ਛਾਪਾਮਾਰੀ ਦੌਰਾਨ 4 ਕਰੋੜ ਦੀ ਹਵਾਲਾ ਰਾਸ਼ੀ ਬਰਾਮਦ

ਨਵੀ ਦਿੱਲੀ (ਦਿਓਲ)-ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਉੱਤਰੀ ਭਾਰਤ ਦੇ ਹਵਾਲਾ ਕਾਮਿਆਂ ਵਿਰੁੱਧ ਕਈ ਸ਼ਹਿਰਾਂ ਵਿੱਚ ਛਾਪੇ ਦੌਰਾਨ 4 ਕਰੋੜ ਰੁਪਏ ਦੀ ਭਾਰਤੀ ਅਤੇ ਵਿਦੇਸ਼ੀ ਮੁਦਰਾ ਅਤੇ ਸੋਨਾ ਅਤੇ ਚਾਂਦੀ ਜ਼ਬਤ ਕੀਤੇ। ਏਜੰਸੀ ਨੇ ਬਿਆਨ ਵਿੱਚ ਕਿਹਾ ਕਿ ਇਹ ਛਾਪੇ ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ ਅਤੇ ਪਾਲ ਮਰਚੈਂਟਸ ਲਿਮਟਿਡ, ਕੁਇੱਕ ਫਾਰੈਕਸ ਲਿਮਟਿਡ, ਸੁਪਾਮਾ ਫਾਰੈਕਸ ਪ੍ਰਾਈਵੇਟ ਲਿਮਟਿਡ ਅਤੇ ਕੁਰੋ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਨਿਰਦੇਸ਼ਕਾਂ ਤੇ ਸਹਿਯੋਗੀਆਂ ਖ਼ਿਲਾਫ਼ ਮੁਹਾਲੀ, ਜਲੰਧਰ, ਚੰਡੀਗੜ੍ਹ, ਪੰਚਕੂਲਾ ਤੇ ਦਿੱਲੀ ਵਿੱਚ ਮਾਰੇ ਗਏ।



# ਸਰੀ ਵਲੋਂ ਐਂਟੀ-ਗੈਂਗ ਸਕੂਲ ਪ੍ਰੋਗਰਾਮ ਸ਼ੁਰੂ

ਸਰੀ-ਨਵੇਂ ਅਪਰਾਧ ਰੋਕੂ ਪਾਇਲਟ ਸਾਂਝੇਦਾਰੀ ਦਾ ਉਦੇਸ਼ ਜ਼ਿਆਦਾ ਖ਼ਤਰੇ ਵਾਲਾ ਸਰੀ ਦੇ ਯੂਥ ਨੂੰ ਗੈਂਗਸ ਤੇ ਅਪਰਾਧਿਕ ਸ਼ੋਸ਼ਣ ਤੋਂ ਸੁਰੱਖਿਅਤ ਰੱਖਣਾ ਹੈ। ਪ੍ਰੋਗਰਾਮ ਜਿਹੜਾ 2021-2022 ਸਕੂਲ ਸਾਲ ਲਈ ਚਲਾਇਆ ਜਾਵੇਗਾ 13 ਤੋਂ 19 ਸਾਲ ਦੇ 30 ਨੌਜਵਾਨਾਂ ਨੂੰ ਸਿਟੀ ਆਫ ਸਰੀ ਆਊਟਰੀਚ ਵਰਕਰ ਨਾਲ ਜੋੜੇਗਾ। ਸਰੀ ਸਕੂਲਜ਼ ਅਤੇ ਸਰੀ ਰੇਪਰਾਊਂਡ ਪ੍ਰੋਗਰਾਮ ਵਿਚ ਸਾਂਝੇਦਾਰੀ ਵਿਚ ਆਊਟਰੀਚ ਵਰਕਰ ਸਕੂਲ ਤੇ ਕਮਿਊਨਿਟੀ ਵਿਚ ਸਹਾਇਤਾ ਮੁਹੱਈਆ ਕਰਦਾ ਹੈ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਜਿਨ੍ਹਾਂ ਨੂੰ ਮੁੱਖ ਰੂਪ ਵਿਚ ਡਬਲਯੂਆਰਏਪੀ ਅਤੇ ਸਰੀ ਸ਼ਹਿਰ ਦੇ ਚਿਲਡਰਨ ਐਂਡ ਯੂਥ ਐਟ-ਰਿਸਕ ਟੇਬਲ (ਚਾਰਟ) ਰਾਹੀਂ ਭੇਜਿਆ ਜਾਵੇਗਾ, ਆਪਣੀ ਵਿਲੱਖਣ ਲੋੜਾਂ ਦੀ ਪੂਰਤੀ ਲਈ ਮੈਂਟਰਸ਼ਿਪ ਸਮਾਜ ਪੱਖੀ ਸਰਗਰਮੀਆਂ ਨਾਲ ਜੁੜਨ ਤੇ ਵਿਸ਼ੇਸ਼ ਸੇਵਾਵਾਂ ਦਾ ਸਲਾਹ ਮਸ਼ਵਰਾ ਪ੍ਰਾਪਤ ਕਰਨਗੇ।

# ਸ਼ਿਲਪਾ ਸ਼ੈਟੀ ਵਲੋ ਆਪਣੇ ਪਤੀ ਰਾਜ ਕੁੰਦਰਾ ਦੇ ਕੰਮਾਂ ਤੋ ਅਣਜਾਣ ਹੋਣ ਦਾ ਬਿਆਨ

ਮੁੰਬਈ-ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈੱਟੀ ਨੇ ਮੁੰਬਈ ਪੁਲੀਸ ਨੂੰ ਦਿੱਤੇ ਬਿਆਨ ਵਿੱਚ ਦਾਅਵਾ ਕੀਤਾ ਕਿ ਉਹ ਆਪਣੇ ਪਤੀ ਰਾਜ ਕੁੰਦਰਾ ਦੇ ਕੰਮਾਂ ਬਾਰੇ ਜਾਣਦੀ ਨਹੀਂ ਸੀ, ਕਿਉਂਕਿ ਉਹ ਖੁਦ ਆਪਣੇ ਕੰਮ ਵਿੱਚ ਰੁੱਝੀ ਰਹਿੰਦੀ ਸੀ। ਅਸ਼ਲੀਲ ਫਿਲਮਾਂ ਨਾਲ ਜੁੜੇ ਮਾਮਲੇ ਦੇ ਸਬੰਧ ਵਿੱਚ ਸ਼ਿਲਪਾ ਸ਼ੈੱਟੀ ਦਾ ਇਹ ਬਿਆਨ 46 ਸਾਲਾ ਕੁੰਦਰਾ ਅਤੇ ਉਸ ਦੇ ਸਾਥੀ ਰਿਆਨ ਥੋਰਪੇ ਦੇ ਖ਼ਿਲਾਫ਼ ਪੁਲੀਸ ਵੱਲੋਂ ਅਦਾਲਤ ਵਿੱਚ ਦਾਇਰ ਕੀਤੀ ਗਈ 1500 ਪੰਨਿਆਂ ਦੀ ਚਾਰਜਸ਼ੀਟ ਦਾ ਹਿੱਸਾ ਹੈ।

# ਉਲੰਪੀਅਨ ਨੀਰਜ ਚੋਪੜਾ ਨੇ ਮਾਪਿਆਂ ਨੂੰ ਜਹਾਜ ਦਾ ਝੂਟਾ ਦਿਵਾਇਆ

ਚੰਡੀਗੜ੍ਹ-ਟੋਕੀਓ ਓਲੰਪਿਕਸ ਵਿੱਚ ਸੋਨ ਤਗਮਾ ਜੇਤੂ ਨੀਰਜ ਚੋਪੜਾ ਦਾ ਸੁਫ਼ਨਾ ਉਸ ਵੇਲੇ ਪੂਰਾ ਹੋ ਗਿਆ ਜਦੋਂ ਉਸ ਨੇ ਆਪਣੇ ਮਾਪਿਆਂ ਨੂੰ ਹਵਾਈ ਜਹਾਜ਼ ਦਾ ਸਫਰ ਕਰਵਾਇਆ। 23 ਸਾਲਾ ਚੋਪੜਾ ਆਪਣੇ ਮਾਪਿਆਂ ਨੂੰ ਹਵਾਈ ਜਹਾਜ਼ ਦੀ ਸੈਰ ਕਰਵਾਉਣ ਬਾਅਦ ਕਾਫ਼ੀ ਖੁਸ਼ ਨਜ਼ਰ ਆਇਆ। ਤਾਜ਼ਾ ਟਵੀਟ ਵਿੱਚ ਨੀਰਜ ਨੇ ਲਿਖਿਆ ਕਿ ਮੇਰਾ ਸੁਪਨਾ ਅੱਜ ਪੂਰਾ ਹੋਇਆ, ਜਦੋਂ ਮੈਂ ਆਪਣੇ ਮਾਪਿਆਂ ਨੂੰ ਪਹਿਲੀ ਵਾਰ ਹਵਾਈ ਜਹਾਜ਼ ਵਿੱਚ ਬਿਠਾ ਸਕਿਆ। ਤੁਹਾਡੇ ਸਾਰਿਆਂ ਦੀਆਂ ਦੁਆਵਾਂ ਤੇ ਆਸ਼ੀਰਵਾਦ ਲਈ ਮੈਂ ਹਮੇਸ਼ਾ ਰਿਣੀ ਰਹਾਂਗਾ।

# ਕਰੋਨਾ ਵੈਕਸੀਨ ਨਾ ਲਗਵਾਉਣ ਵਾਲੇ ਮੁਲਾਜ਼ਮ ਜਬਰੀ ਛੁੱਟੀ ਤੇ ਭੇਜੇ ਜਾਣਗੇ-ਸਿੱਧੂ

ਮੋਗਾ-ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ 15 ਸਤੰਬਰ ਤੱਕ ਕਰੋਨਾ ਦੀ ਵੈਕਸੀਨ ਨਾ ਲਗਵਾਉਣ ਵਾਲੇ ਮੁਲਾਜ਼ਮਾਂ ਨੂੰ ਛੁੱਟੀ 'ਤੇ ਭੇਜਣ ਦੇ ਫ਼ੈਸਲੇ ਨੂੰ ਸਰਕਾਰ ਦੀ ਘੁਰਕੀ ਆਖਿਆ ਹੈ। ਉਨ੍ਹਾਂ ਕਿਹਾ ਕਿ ਜੇ ਪੜ੍ਹੇ-ਲਿਖੇ ਵਰਗ ਅਤੇ ਸਰਕਾਰੀ ਸੇਵਾਵਾਂ ਨਾਲ ਜੁੜੇ ਲੋਕ ਹੀ ਵੈਕਸੀਨ ਲਗਵਾਉਣ ਤੋਂ ਕੰਨੀ ਕਤਰਾਉਣਗੇ ਤਾਂ ਆਮ ਆਦਮੀ ਤੋਂ ਕੀ ਆਸ ਰੱਖੀ ਜਾ ਸਕਦੀ ਹੈ। ਲੋਕਾਂ ਵਿੱਚ ਵੈਕਸੀਨ ਲਵਾਉਣ ਲਈ ਜਾਗਰੂਕਤਾ ਆ ਚੁੱਕੀ ਹੈ, ਉਹ ਸਮਝ ਰਹੇ ਹਨ ਕਿ ਜੇ ਉਨ੍ਹਾਂ ਵੈਕਸੀਨ ਲਗਵਾ ਲਈ ਤਾਂ ਉਹ ਮਹਾਮਾਰੀ ਤੋਂ ਬਚ ਸਕਦੇ ਹਨ। ਇਸ ਦੌਰਾਨ ਸਿੱਧੂ ਨੇ ਮਾਈ ਦੌਲਤਾਂ ਜੱਚਾ-ਬੱਚਾ ਬਹੁਮੰਜ਼ਲੀ ਇਮਾਰਤ ਦਾ ਉਦਘਾਟਨ ਕੀਤਾ। ਇਸ ਇਮਾਰਤ ਵਿੱਚ 50 ਬੈੱਡਾਂ ਦੀ ਸਹੂਲਤ ਹੈ। ਮਾਹਿਰ ਡਾਕਟਰਾਂ ਅਤੇ ਸਿਹਤ ਕਾਮਿਆਂ ਦੀ ਭਰਤੀ ਦਾ ਕੰਮ ਚਾਲੂ ਹੈ। ਸਿਹਤ ਮੰਤਰੀ ਅਨੁਸਾਰ ਜਲਦੀ ਹੀ 600 ਡਾਕਟਰ ਹੋਰ ਭਰਤੀ ਕੀਤੇ ਜਾ ਰਹੇ ਹਨ।

JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜ਼ਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
JR
- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

www.KaliaFinancial.com
Kalia Insurance and Financial Services
Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance
Sudesh Kalia 604-728-6740

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
• ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
604-594-0616





# ਯੂ ਐਸ ਓਪਨ ਮੁਕਾਬਲਾ ਯੂਕੇ ਦੀ ਐਮਾ ਨੇ ਜਿੱਤਿਆ ਕੈਨੇਡੀਅਨ ਮੁਟਿਆਰ ਲੇਲਾ ਰਨਰ ਅੱਪ ਰਹੀ

ਨਿਊਯਾਰਕ-ਬਰਤਾਨੀਆ ਦੀ ਐਮਾ ਰਾਡੂਕਾਨੂ ਨੇ ਇੱਥੇ ਕੈਨੇਡਾ ਦੀ ਲੇਲਾ ਫਰਨਾਂਡੇਜ਼ ਨੂੰ ਸਿੱਧੇ ਸੈੱਟਾਂ ਵਿੱਚ ਹਰਾ ਕੇ ਯੂਐੱਸ ਓਪਨ ਟੈਨਿਸ ਟੂਰਨਾਮੈਂਟ ਦਾ ਮਹਿਲਾ ਸਿੰਗਲਜ਼ ਦਾ ਖ਼ਿਤਾਬ ਜਿੱਤ ਲਿਆ। ਬਰਤਾਨੀਆ ਦੀ ਨਾਬਾਲਗ਼ ਖਿਡਾਰਨ ਐਮਾ ਪਿਛਲੇ ਮਹੀਨੇ ਨਿਊਯਾਰਕ ਵਿੱਚ ਦੁਨੀਆ ਦੀ 150ਵੇਂ ਨੰਬਰ ਦੀ ਖਿਡਾਰਨ ਦੇ ਰੂਪ ਵਿੱਚ ਆਈ ਸੀ। ਇਸ ਤੋਂ ਪਹਿਲਾਂ ਉਸ ਨੇ ਸਿਰਫ਼ ਇੱਕ ਗਰੈਂਡਸਲੈਮ ਟੂਰਨਾਮੈਂਟ ਵਿੱਚ ਹਿੱਸਾ ਲਿਆ ਸੀ। ਐਮਾ ਨੇ ਕੁਆਲੀਫਾਇਰ ਮਗਰੋਂ ਜਹਾਜ਼ ਦੀ ਟਿਕਟ ਬੁੱਕ ਕਰਵਾਈ ਤਾਂ ਕਿ ਉਹ ਮੁੱਖ ਡਰਾਅ ਵਿੱਚ ਦਾਖ਼ਲ ਨਾ ਹੋਣ 'ਤੇ ਵਾਪਸ ਪਰਤ ਸਕੇ। ਹਾਲਾਂਕਿ ਫਾਈਨਲ ਵਿੱਚ ਉਹ 19 ਸਾਲ ਦੀ ਲੇਲਾ ਨੂੰ ਸਿੱਧੇ ਸੈੱਟਾਂ ਵਿੱਚ 6-4, 6-3 ਨਾਲ ਹਰਾ ਕੇ ਕੁਆਲੀਫਾਇਰ ਤੋਂ ਚੈਂਪੀਅਨ ਬਣਨ ਦਾ ਸ਼ਾਨਦਾਰ ਸਫ਼ਰ ਤੈਅ ਕਰਨ ਵਿੱਚ ਸਫਲ ਰਹੀ। ਐਮਾ ਨੇ ਖ਼ਿਤਾਬ ਜਿੱਤਣ ਮਗਰੋਂ ਕਿਹਾ, "ਮੈਨੂੰ ਲਗਦਾ ਹੈ ਕਿ ਮਹਿਲਾ ਡਰਾਅ ਵਿੱਚ ਸ਼ਾਮਲ ਹਰੇਕ ਖਿਡਾਰੀ ਕੋਲ ਟੂਰਨਾਮੈਂਟ ਜਿੱਤਣ ਦਾ ਮੌਕਾ ਸੀ।" ਉਹ 2014 ਮਗਰੋਂ ਪਹਿਲੀ ਮਹਿਲਾ ਖਿਡਾਰਨ ਹੈ, ਜਿਸ ਨੇ ਬਿਨਾ ਕੋਈ ਸੈੱਟ ਗੁਆਏ ਯੂਐੱਸ ਓਪਨ ਦਾ ਖ਼ਿਤਾਬ ਜਿੱਤਿਆ ਹੈ। ਯੂਐੱਸ ਓਪਨ-1999 ਮਗਰੋਂ ਇਹ ਪਹਿਲਾ ਮੌਕਾ ਸੀ, ਜਦੋਂ ਦੋ ਨਾਬਾਲਗ਼ ਕਿਸੇ ਗਰੈਂਡਸਲੈਮ ਟੂਰਨਾਮੈਂਟ ਦਾ ਫਾਈਨਲ ਖੇਡ ਰਹੀਆਂ ਸਨ। ਉਦੋਂ 17 ਸਾਲ ਦੀ ਸੇਰੇਨਾ ਅਤੇ 18 ਸਾਲ ਦੀ ਮਾਰਟੀਨਾ ਹਿੰਗਿਸ ਦਰਮਿਆਨ ਖ਼ਿਤਾਬੀ ਮੁਕਾਬਲਾ ਹੋਇਆ ਸੀ।

# ਸ੍ਰੀਲੰਕਾ ਦੇ ਤੇਜ਼ ਗੇਂਦਬਾਜ਼ ਮਲਿੰਗਾ ਵੱਲੋਂ ਕ੍ਰਿਕਟ ਤੋਂ ਸੰਨਿਆਸ

ਕੋਲੰਬੋ-ਡੇਢ ਦਹਾਕਿਆਂ ਤੋਂ ਵੱਧ ਸਮੇਂ ਤੱਕ ਬੱਲੇਬਾਜ਼ਾਂ ਨੂੰ ਆਪਣੇ ਬਿਹਤਰੀਨ ਪ੍ਰਦਰਸ਼ਨ ਨਾਲ ਕੰਬਣੀ ਛੇੜਨ ਵਾਲੇ ਸ੍ਰੀਲੰਕਾ ਦੇ ਤਜਰਬੇਕਾਰ ਗੇਂਦਬਾਜ਼ ਲਸਿਥ ਮਲਿੰਗਾ ਨੇ ਮੰਗਲਵਾਰ ਨੂੰ ਕ੍ਰਿਕਟ ਨੂੰ ਅਲਵਿਦਾ ਆਖਣ ਦਾ ਐਲਾਨ ਕਰ ਦਿੱਤਾ। ਸੀਮਤ ਓਵਰਾਂ ਦੇ ਕ੍ਰਿਕਟ ਦੇ ਦਿੱਗਜ਼ ਅਤੇ ਟੀ20 ਸੀਰੀਜ਼ ਦੇ ਸਿਰਕੱਢ ਗੇਂਦਬਾਜ਼ਾਂ ਵਿੱਚੋਂ ਇਕ 38 ਵਰ੍ਹਿਆਂ ਦੇ ਮਲਿੰਗਾ 2014 'ਚ ਟੀ20 ਵਿਸ਼ਵ ਕੱਪ ਜਿੱਤਣ ਵਾਲੀ ਟੀਮ ਦੇ ਕਪਤਾਨ ਰਹੇ ਹਨ। ਉਨ੍ਹਾਂ ਸੋਸ਼ਲ ਮੀਡੀਆ 'ਤੇ ਸੰਨਿਆਸ ਲੈਣ ਦੇ ਫ਼ੈਸਲੇ ਦਾ ਐਲਾਨ ਕੀਤਾ। ਮਲਿੰਗਾ ਨੇ ਟਵੀਟ ਕੀਤਾ,'ਟੀ20 ਨੂੰ ਅਲਵਿਦਾ ਆਖ ਰਿਹਾ ਹਾਂ ਅਤੇ ਕ੍ਰਿਕਟ ਦੀਆਂ ਸਾਰੀਆਂ ਸੀਰੀਜ਼ ਤੋਂ ਸੰਨਿਆਸ ਲੈ ਰਿਹਾ ਹਾਂ। ਮੈਂ ਉਨ੍ਹਾਂ ਸਾਰੇ ਲੋਕਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਨੇ ਮੇਰੀ ਯਾਤਰਾ ਦੌਰਾਨ ਮੇਰੀ ਹਮਾਇਤ ਕੀਤੀ ਅਤੇ ਆਗਾਮੀ ਵਰ੍ਹਿਆਂ ਵਿੱਚ ਨੌਜਵਾਨ ਕ੍ਰਿਕਟਰਾਂ ਨਾਲ ਆਪਣੇ ਤਜਰਬੇ ਸਾਂਝੇ ਕਰਨ ਲਈ ਉਤਸੁਕ ਹਾਂ।



## ਮੈਸੀ ਨੇ ਪੇਲੇ ਦਾ ਰਿਕਾਰਡ ਤੋੜਿਆ

ਬਿਊਨਸ ਆਇਰਸ-ਅਰਜਨਟੀਨਾ ਦਾ ਸਟਾਰ ਫੁਟਬਾਲਰ ਲਿਓਨਲ ਮੈਸੀ ਬ੍ਰਾਜ਼ੀਲ ਦੇ ਪੇਲੇ ਤੋਂ ਬਾਅਦ ਕੌਮਾਂਤਰੀ ਪੱਧਰ 'ਤੇ ਜ਼ਿਆਦਾ ਗੋਲ ਕਰਨ ਵਾਲਾ ਖਿਡਾਰੀ ਬਣ ਗਿਆ ਹੈ। ਬੋਲੀਵੀਆ ਖ਼ਿਲਾਫ਼ ਵਿਸ਼ਵ ਕੱਪ ਕੁਆਲੀਫਾਇੰਗ ਮੁਕਾਬਲੇ ਦੌਰਾਨ ਅਰਜਨਟੀਨਾ ਵੱਲੋਂ ਮੈਸੀ ਨੇ ਹੈਟ੍ਰਿਕ ਮਾਰੀ। ਉਸ ਨੇ ਅਰਜਨਟੀਨਾ ਲਈ 79 ਗੋਲ ਕੀਤੇ ਹਨ ਜਦਕਿ ਪੇਲੇ ਨੇ ਬ੍ਰਾਜ਼ੀਲ ਵੱਲੋਂ ਖੇਡਦਿਆਂ 77 ਗੋਲ ਕੀਤੇ ਸਨ।

# ਬਿਹਾਰ ਦੇ ਦੋ ਬੱਚਿਆਂ ਦੇ ਬੈਂਕ ਖਾਤਿਆਂ ਚ ਗਲਤੀ ਨਾਲ ਕਰੋੜਾਂ ਰੁਪਏ ਆਏ

ਪਟਨਾ-ਬਿਹਾਰ ਦੇ ਦੋ ਬੱਚਿਆਂ ਦੇ ਬੈਂਕ ਖਾਤਿਆਂ ਵਿੱਚ ਕਰੋੜਾਂ ਰੁਪਏ ਜਮ੍ਹਾਂ ਹੋਣ ਤੋਂ ਲੋਕ ਹੈਰਾਨ ਹਨ। ਇਹ ਘਟਨਾ ਕਟਿਹਾਰ ਜ਼ਿਲ੍ਹੇ ਦੀ ਹੈ, ਜਿੱਥੇ 6ਵੀਂ ਦੇ ਦੋ ਵਿਦਿਆਰਥੀਆਂ ਆਸ਼ੀਸ਼ ਕੁਮਾਰ ਅਤੇ ਗੁਰੂਚਰਨ ਵਿਸ਼ਵਾਸ ਦੇ ਬੈਂਕ ਖਾਤਿਆਂ ਵਿੱਚ 15 ਸਤੰਬਰ ਨੂੰ ਕ੍ਰਮਵਾਰ 6,20,11,100 ਰੁਪਏ ਅਤੇ 90,52,21,223 ਰੁਪਏ ਪਏ। ਦੋਵੇਂ ਬੱਚੇ ਬਗਾਹੁਰਾ ਪੰਚਾਇਤ ਦੇ ਪਾਸਤੀਆ ਪਿੰਡ ਦੇ ਮੂਲ ਨਿਵਾਸੀ ਹਨ। ਉਨ੍ਹਾਂ ਦੇ ਉੱਤਰ ਬਿਹਾਰ ਗ੍ਰਾਮੀਣ ਬੈਂਕ ਵਿੱਚ ਬੈਂਕ ਖਾਤੇ ਹਨ। ਕਟਿਹਾਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਉਦਯਨ ਮਿਸ਼ਰਾ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਬੱਚਿਆਂ ਨੂੰ ਮੋਟੀ ਰਕਮ ਮਿਲੀ ਹੈ। ਉਨ੍ਹਾਂ ਕਿਹਾ ਕਿ ਦੋ ਬੱਚਿਆਂ ਦੇ ਖਾਤਿਆਂ ਵਿੱਚ ਵੱਡੀ ਰਕਮ ਜਮ੍ਹਾਂ ਹੋਈ ਸੀ। ਇਹ ਰਕਮ ਮਿੰਨੀ ਸਟੇਟਮੈਂਟਸ ਵਿੱਚ ਵੇਖੀ ਜਾ ਸਕਦੀ ਹੈ। ਸ੍ਰੀ ਮਿਸ਼ਰਾ ਨੇ ਕਿਹਾ ਕਿ ਬੈਂਕ ਦੇ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਬੈਂਕ ਦੇ ਅਧਿਕਾਰੀ ਐੱਮਕੇ ਮਧੁਕਰ ਨੇ ਕਿਹਾ ਕਿ ਜਿਵੇਂ ਹੀ ਬੱਚਿਆਂ ਦੇ ਖਾਤਿਆਂ ਵਿੱਚ ਪੈਸੇ ਜਮ੍ਹਾਂ ਹੋਣ ਬਾਰੇ ਪਤਾ ਲੱਗਿਆ ਅਸੀਂ ਖਾਤਿਆਂ ਨੂੰ ਜਾਮ ਕਰ ਦਿੱਤਾ ਤੇ ਪੈਸੇ ਕੱਢਵਾਉਣ 'ਤੇ ਰੋਕ ਲਗਾ ਦਿੱਤੀ। ਬੱਚਿਆਂ ਦੇ ਮਾਪਿਆਂ ਵੀ ਨਹੀਂ ਪਤਾ ਕਿ ਕਰੋੜਾ ਰੁਪਏ ਖਾਤਿਆਂ ਵਿੱਚ ਕਿਵੇਂ ਆਏ। ਇਸ ਤੋਂ ਪਹਿਲਾਂ ਇਸੇ ਬੈਂਕ ਦੀ ਕਿਸੇ ਹੋਰ ਬ੍ਰਾਂਚ ਵਿੱਚ ਕਿਸੇ ਦੇ ਖਾਤੇ ਵਿੱਚ 5.5 ਲੱਖ ਰੁਪਏ ਪੈ ਗਏ ਸਨ ਤੇ ਉਸ ਵਿਅਕਤੀ ਨੇ ਇਹ ਕਹਿ ਕੇ ਪੈਸੇ ਮੋੜਨ ਤੋਂ ਇਨਕਾਰ ਕਰ ਦਿੱਤਾ ਸੀ ਕਿ ਖਾਤੇ ਵਿੱਚ ਪੈਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 15 ਲੱਖ ਰੁਪਏ ਦੇਣ ਦੇ ਵਾਅਦੇ ਤਹਿਤ ਪਾਏ ਹਨ।

# ਚੀਨ ਨੂੰ ਰੋਕਣ ਲਈ ਅਮਰੀਕਾ, ਯੂਕੇ ਤੇ ਆਸਟਰੇਲੀਆ ਵਲੋ ਨਵੀ ਰਣਨੀਤੀ ਤਿਆਰ

ਵਾਸ਼ਿੰਗਟਨ-ਹਿੰਦ ਪ੍ਰਸ਼ਾਂਤ ਵਿਚ ਚੀਨ ਦੇ ਵਧਦੇ ਪ੍ਰਭਾਵ ਨੂੰ ਠੱਲ੍ਹਣ ਲਈ ਬਰਤਾਨੀਆ, ਅਮਰੀਕਾ ਅਤੇ ਆਸਟ੍ਰੇਲੀਆ ਨੇ ਰਣਨੀਤਕ ਤੌਰ ਤੇ ਮਹੱਤਵਪੂਰਨ ਇਸ ਖੇਤਰ ਲਈ ਨਵਾਂ ਤਿਕੜੀ ਸੁਰੱਖਿਆ ਗਠਜੋੜ (ਔਕਸ) ਬਣਾ ਲਿਆ ਹੈ। ਇਸ ਦਾ ਮੁੱਖ ਮਕਸਦ ਆਪਣੇ ਸਾਂਝੇ ਹਿੱਤਾਂ ਦੀ ਰੱਖਿਆ ਕਰਨ ਤੇ ਆਸਟ੍ਰੇਲੀਆ ਨੂੰ ਪਰਮਾਣੂ ਊਰਜਾ ਨਾਲ ਚੱਲਣ ਵਾਲੀਆਂ ਪਣਡੁੱਬੀਆਂ ਦਿਵਾਉਣ 'ਚ ਮਦਦ ਕਰਨਾ ਹੈ। ਇਤਿਹਾਸਕ ਦੱਸੇ ਜਾ ਰਹੇ ਇਸ ਨਵੇਂ ਗਠਜੋੜ ਔਕਸ ਨੂੰ ਟੀਵੀ 'ਤੇ ਪ੍ਰਸਾਰਤ ਸਾਂਝੇ ਸੰਬੋਧਨ ਦੌਰਾਨ ਡਿਜੀਟਲ ਢੰਗ ਨਾਲ ਅਮਲੀ ਜਾਮਾ ਪਹਿਨਾਇਆ ਗਿਆ।


ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556 www.rohitapannulaw.com
2 Locations to Serve You
# 102-9278, 120th Street, Surrey, BC V3V 4W8
6603 Fraser Street, Vancouver BC

# ਜਦੋਂ ਕਾਰਜਕਾਰੀ ਪ੍ਰਧਾਨ ਨਾਗਰਾ ਨੇ ਵਿਧਾਇਕ ਕਮਾਲੂ ਨੂੰ ਕੁਰਸੀ ਤੇ ਨਾ ਬੈਠਣ ਦਿੱਤਾ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਨੇ ਅੱਜ ਇੱਥੇ ਕਾਂਗਰਸ ਭਵਨ 'ਚ



ਹਲਕਾ ਮੌੜ ਤੋਂ ਵਿਧਾਇਕ ਜਗਦੇਵ ਸਿੰਘ ਕਮਾਲੂ ਨੂੰ ਕੁਰਸੀ 'ਤੇ ਬੈਠਣ ਤੋਂ ਰੋਕ ਦਿੱਤਾ। ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਦੀ ਪ੍ਰੈੱਸ ਕਾਨਫਰੰਸ ਦੌਰਾਨ ਜਦੋਂ ਖ਼ਾਲੀ ਕੁਰਸੀ ਦੇਖ ਕੇ ਵਿਧਾਇਕ ਜਗਦੇਵ ਸਿੰਘ ਕਮਾਲੂ ਬੈਠਣ ਲੱਗੇ ਤਾਂ ਕੁਲਜੀਤ ਨਾਗਰਾ ਨੇ ਉਨ੍ਹਾਂ ਨੂੰ ਬੈਠਣ ਨਾ ਦਿੱਤਾ। ਵਿਧਾਇਕ ਕਮਾਲੂ ਨੇ ਮੌਕੇ 'ਤੇ ਇੰਨੀ ਨਿਮਰਤਾ ਦਿਖਾਈ ਕਿ ਹੱਥ ਜੋੜ ਕੇ ਵਿਧਾਇਕ ਨਾਗਰਾ ਦਾ ਹੁਕਮ ਸਿਰ ਮੱਥੇ ਮੰਨ ਲਿਆ। ਕਾਂਗਰਸ ਭਵਨ 'ਚ ਜਨਤਕ ਤੌਰ 'ਤੇ ਮੀਡੀਆ ਦੀ ਹਾਜ਼ਰੀ ਵਿਚ ਇੱਕ ਵਿਧਾਇਕ ਦੀ ਇਸ ਤਰ੍ਹਾਂ ਜ਼ਲਾਲਤ ਤੋਂ ਸਿਆਸੀ ਹਲਕੇ ਵੀ ਹੱਕੇ-ਬੱਕੇ ਰਹਿ ਗਏ। ਦੇਖਿਆ ਗਿਆ ਕਿ ਜਦੋਂ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਦੀ ਪ੍ਰੈੱਸ ਕਾਨਫਰੰਸ ਚੱਲ ਰਹੀ ਸੀ ਤਾਂ ਅਚਾਨਕ ਸਾਬਕਾ ਪੁਲੀਸ ਅਧਿਕਾਰੀ ਮੁਹੰਮਦ ਮੁਸਤਫ਼ਾ ਫੋਨ ਆਉਣ 'ਤੇ ਉੱਠ ਕੇ ਚਲੇ ਗਏ। ਇਸ ਮਗਰੋਂ ਵਿਧਾਇਕ ਜਗਦੇਵ ਕਮਾਲੂ ਪੁੱਜ ਗਏ ਜੋ ਨਾਗਰਾ ਕੋਲ ਖ਼ਾਲੀ ਪਈ ਕੁਰਸੀ ਦੇਖ ਕੇ ਬੈਠਣ ਲੱਗੇ ਤਾਂ ਵਿਧਾਇਕ ਨਾਗਰਾ ਨੇ ਉਨ੍ਹਾਂ ਨੂੰ ਫੌਰੀ ਰੋਕ ਦਿੱਤਾ।

ਵਿਧਾਇਕ ਕਮਾਲੂ ਹੱਥ ਜੋੜ ਕੇ ਨਜ਼ਦੀਕ ਪ੍ਰਾਜੈਕਟਰ ਕੋਲ ਖੜ੍ਹੇ ਤਾਂ ਉੱਥੋਂ ਵੀ ਉਨ੍ਹਾਂ ਨੂੰ ਇਸ਼ਾਰਾ ਕਰ ਕੇ ਪਾਸੇ ਕਰ ਦਿੱਤਾ ਗਿਆ। ਇਸ ਮਗਰੋਂ ਉਹ ਕਾਂਗਰਸ ਭਵਨ 'ਚੋਂ ਹੀ ਬਾਹਰ ਚਲੇ ਗਏ। ਅੱਜ ਮੌਕੇ ਤੇ ਸਿਆਸੀ ਲੋਕਾਂ ਨੇ ਇੱਕ ਵਿਧਾਇਕ ਦੀ ਦੁਰਗਤੀ ਦਾ ਬੁਰਾ ਮਨਾਇਆ। ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਵੀ ਇਸ ਦਾ ਕੋਈ ਨੋਟਿਸ ਨਾ ਲਿਆ। ਚੇਤੇ ਰਹੇ ਕਿ ਹਲਕਾ ਮੌੜ ਤੋਂ 'ਆਪ' ਦੀ ਟਿਕਟ 'ਤੇ ਜਗਦੇਵ ਸਿੰਘ ਕਮਾਲੂ ਚੋਣ ਜਿੱਤੇ ਸਨ। ਕੁੱਝ ਸਮਾਂ ਪਹਿਲਾਂ ਉਹ ਆਪਣੇ ਸਾਥੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਵਿਧਾਇਕ ਪਿਰਮਲ ਸਿੰਘ ਸਣੇ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋ ਗਏ ਸਨ। ਮੁੱਖ ਮੰਤਰੀ ਅਮਰਿੰਦਰ ਸਿੰਘ ਤਰਫ਼ੋਂ ਹਲਕਾ ਮੌੜ ਤੋਂ ਉਨ੍ਹਾਂ ਨੂੰ ਹਲਕਾ ਇੰਚਾਰਜ ਵਜੋਂ ਡਿਊਟੀ ਦਿੱਤੀ ਹੋਈ ਹੈ। 'ਆਪ' ਸਮਰਥਕਾਂ ਵੱਲੋਂ ਕਮਾਲੂ ਨੂੰ ਕੁਰਸੀ ਨਾ ਮਿਲਣ 'ਤੇ ਵਿਅੰਗ ਵੀ ਕਸੇ ਜਾ ਰਹੇ ਹਨ। ਦੂਸਰੀ ਤਰਫ਼, ਪੱਖ ਲੈਣ ਲਈ ਨਾਗਰਾ ਨੂੰ ਫੋਨ ਕੀਤਾ ਪਰ ਉਨ੍ਹਾਂ ਫੋਨ ਚੁੱਕਿਆ ਨਹੀਂ।

## ਸਾਥੀ ਵਿਧਾਇਕ ਨੇ ਠੀਕ ਨਹੀਂ ਕੀਤਾ-ਕਮਾਲੂ

ਵਿਧਾਇਕ ਜਗਦੇਵ ਸਿੰਘ ਕਮਾਲੂ ਨੇ ਕਿਹਾ ਕਿ ਉਹ ਤਾਂ ਕਾਂਗਰਸ ਦੇ ਜਨਰਲ ਸਕੱਤਰ ਪਰਗਟ ਸਿੰਘ ਨੂੰ ਮਿਲਣ ਗਏ ਸਨ ਜਿੱਥੇ ਨਵਜੋਤ ਸਿੱਧੂ ਦੀ ਪ੍ਰੈੱਸ ਕਾਨਫਰੰਸ ਚੱਲ ਰਹੀ ਸੀ। ਉਨ੍ਹਾਂ ਕਿਹਾ ਕਿ ਸਾਥੀ ਵਿਧਾਇਕ ਨਾਗਰਾ ਨੂੰ ਇਸ ਤਰ੍ਹਾਂ ਦਾ ਵਿਹਾਰ ਨਹੀਂ ਸੀ ਕਰਨਾ ਚਾਹੀਦਾ। ਕਾਂਗਰਸ ਭਵਨ ਵਿਚ ਤਾਂ ਹਰ ਵਿਧਾਇਕ ਨੂੰ ਹੀ ਸਤਿਕਾਰ ਮਿਲਣਾ ਚਾਹੀਦਾ ਹੈ।




# ਖੇਤੀ ਕਨੂੰਨਾਂ ਦਾ ਖਾਕਾ ਬਾਦਲ ਪਰਿਵਾਰ ਨੇ ਹੀ ਤਿਆਰ ਕੀਤਾ-ਨਵਜੋਤ ਸਿੱਧੂ

[ਸਫ਼ਾ 3 ਦੀ ਬਾਕੀ]

ਅਪਲੋਡ ਕਰ ਕੇ ਖੇਤੀ ਕਾਨੂੰਨਾਂ ਦਾ ਗੁਣਗਾਣ ਕੀਤਾ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਵੀਡੀਓ ਰਾਹੀਂ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਭਲਾਈ ਵਾਲੇ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਬਾਦਲਾਂ ਨੇ ਪੰਜਾਬ ਦੇ ਕਿਸਾਨਾਂ ਦਾ ਇੱਕ ਆਨਾ ਵੀ ਮੁਆਫ਼ ਨਹੀਂ ਸੀ ਕੀਤਾ। ਇਸ ਦੌਰਾਨ ਸ੍ਰੀ ਸਿੱਧੂ ਨੇ ਯੂਪੀਏ ਸਰਕਾਰ ਵੱਲੋਂ ਦੇਸ਼ ਦੇ ਕਿਸਾਨਾਂ ਦੇ 78 ਹਜ਼ਾਰ ਕਰੋੜ ਦੇ ਕਰਜ਼ੇ ਮੁਆਫ਼ ਕੀਤੇ ਜਾਣ ਦੀ ਗੱਲ ਕਰਦਿਆਂ ਐੱਮਐੱਸਪੀ, ਜਨਤਕ ਵੰਡ ਪ੍ਰਣਾਲੀ ਅਤੇ ਖ਼ੁਰਾਕ ਸੁਰੱਖਿਆ ਐਕਟ ਦਾ ਸਿਹਰਾ ਵੀ ਪਿਛਲੀ ਮਨਮੋਹਨ ਸਿੰਘ ਸਰਕਾਰ ਦੇ ਸਿਰ ਸਜਾਇਆ। ਸ੍ਰੀ ਸਿੱਧੂ ਨੇ ਖੇਤੀ ਕਾਨੂੰਨਾਂ ਦੀ ਪ੍ਰਸ਼ੰਸਾ ਸਬੰਧੀ ਬਾਦਲ ਪਰਿਵਾਰ ਦੀਆਂ ਵੀਡੀਓਜ਼ ਵੀ ਮੀਡੀਆ ਦੇ ਸਨਮੁੱਖ ਕੀਤੀਆਂ। ਨਵਜੋਤ ਸਿੱਧੂ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਨਾਂ ਲਏ ਬਿਨਾ ਆਪਣੀ ਸਰਕਾਰ ਦੀ ਕਰਜ਼ਾ ਮੁਆਫੀ ਸਕੀਮ ਦੀ ਸ਼ਲਾਘਾ ਕੀਤੀ। ਇਸ ਮੌਕੇ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਕੁਲਜੀਤ ਨਾਗਰਾ, ਸੰਗਤ ਸਿੰਘ ਗਿਲਜ਼ੀਆਂ ਤੇ ਪਵਨ ਗੋਇਲ ਤੋਂ ਇਲਾਵਾ ਕਾਂਗਰਸ ਦੇ ਜਨਰਲ ਸਕੱਤਰ ਅਤੇ ਵਿਧਾਇਕ ਪਰਗਟ ਸਿੰਘ ਵੀ ਮੌਜੂਦ ਸਨ।

### ਮੀਡੀਆ ਦੇ ਸਵਾਲਾਂ ਦੇ ਜਵਾਬ ਨਾ ਦਿੱਤੇ

ਨਵਜੋਤ ਸਿੱਧੂ ਨੇ  ਦੀ ਇਸ ਪ੍ਰੈੱਸ ਕਾਨਫ਼ਰੰਸ ਦੌਰਾਨ ਖੇਤੀ ਕਾਨੂੰਨਾਂ ਖ਼ਿਲਾਫ਼ ਨਾ ਕਿਸੇ ਪ੍ਰੋਗਰਾਮ ਦਾ ਐਲਾਨ ਕੀਤਾ ਤੇ ਨਾ ਹੀ ਕਿਸਾਨ ਘੋਲ 'ਤੇ ਆਪਣੀ ਰਾਇ ਰੱਖੀ। ਉਨ੍ਹਾਂ ਦੀ ਗੱਲਬਾਤ ਬਾਦਲਾਂ ਦਾ ਤਵਾ ਲਾਉਣ 'ਤੇ ਕੇਂਦਰਿਤ ਰਹੀ। ਨਵਜੋਤ ਸਿੱਧੂ ਦੀ ਇਹ ਪਹਿਲੀ ਪ੍ਰੈੱਸ ਕਾਨਫ਼ਰੰਸ ਇੱਕਪਾਸੜ ਹੋ ਨਿੱਬੜੀ। ਸਿੱਧੂ ਨੇ ਮੀਡੀਆ ਨੂੰ ਸਿਰਫ ਖੇਤੀ ਕਾਨੂੰਨਾਂ ਬਾਰੇ ਸਵਾਲ ਪੁੱਛਣ ਦੀ ਸ਼ਰਤ ਲਗਾ ਦਿੱਤੀ ਪਰ ਫ਼ਿਰ ਸਵਾਲਾਂ ਦੀ ਬੁਛਾੜ ਹੁੰਦੀ ਦੇਖ ਕੇ ਉਹ ਕਾਹਲੀ ਵਿੱਚ ਉੱਠ ਕੇ ਤੁਰ ਪਏ।

### ਖੇਤੀ ਕਨੂੰਨਾਂ ਦੇ ਕੰਡੇ ਅਕਾਲੀ ਦਲ ਨੇ ਹੀ ਬੀਜੇ-ਕੈਪਟਨ

ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਮੋੜਵਾਂ ਜੁਆਬ ਦਿੰਦਿਆਂ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਅਕਾਲੀ ਦਲ ਕਿਸਾਨਾਂ ਦਾ ਧਿਆਨ ਕੇਂਦਰ ਤੋਂ ਪੰਜਾਬ ਵੱਲ ਮੋੜਨਾ ਚਾਹੁੰਦਾ ਹੈ ਪਰ ਉਹ (ਅਕਾਲੀ ਦਲ) ਪੰਜਾਬ ਤੇ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਅਣਜਾਣ ਹਨ। ਮੁੱਖ ਮੰਤਰੀ ਨੇ ਕਿਹਾ, 'ਹਰਸਿਮਰਤ ਕੌਰ ਬਾਦਲ ਨੂੰ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਏ ਸੰਕਟ 'ਤੇ ਬੋਲਣ ਦਾ ਕੋਈ ਨੈਤਿਕ ਹੱਕ ਨਹੀਂ ਹੈ। ਹਰਸਿਮਰਤ ਇਸ ਕਿਸਾਨ ਵਿਰੋਧੀ ਫ਼ੈਸਲੇ 'ਚ ਧਿਰ ਬਣੇ ਸਨ ਅਤੇ ਚਾਹੁੰਦੇ ਤਾਂ ਉਹ ਇਸ ਸੰਕਟ ਨੂੰ ਟਾਲ ਸਕਦੇ ਸਨ।' ਅਮਰਿੰਦਰ ਸਿੰਘ ਨੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਕੰਡੇ ਅਕਾਲੀ ਦਲ ਨੇ ਹੀ ਬੀਜੇ ਹਨ ਅਤੇ ਹੁਣ ਹਰਸਿਮਰਤ ਕੌਰ ਬਾਦਲ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਬਿਆਨਬਾਜ਼ੀ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦੀ ਗੱਠਜੋੜ ਸਰਕਾਰ ਵੱਲੋਂ ਉਠਾਏ ਮਾਰੂ ਕਦਮਾਂ ਕਾਰਨ ਕਿਸਾਨਾਂ ਨੂੰ ਘਰ-ਬਾਰ ਛੱਡ ਕੇ ਮਜਬੂਰਨ ਕੌਮੀ ਰਾਜਧਾਨੀ ਦੀ ਸਰਹੱਦ 'ਤੇ ਬੈਠਣਾ ਪਿਆ ਹੈ, ਜਿੱਥੇ ਕਿੰਨੇ ਹੀ ਕਿਸਾਨ ਮਜ਼ਦੂਰ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਚੇਤੇ ਰਹੇ ਕਿ ਹਰਸਿਮਰਤ ਕੌਰ ਬਾਦਲ ਨੇ ਕਿਸਾਨਾਂ ਨੂੰ ਪੰਜਾਬ ਵਿੱਚ ਵੀ ਪ੍ਰਦਰਸ਼ਨ ਕਰਨ ਦਾ ਸੁਝਾਅ ਦਿੱਤਾ ਸੀ, ਜਿਸ 'ਤੇ ਟਿੱਪਣੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ, 'ਇਹ ਤਾਂ ਉਹ ਗੱਲ ਹੋਈ ਕਿ ਕਿਸੇ ਨੂੰ  ਦੁਸ਼ਮਣ ਖ਼ਿਲਾਫ਼ ਲੜਨ ਲਈ ਪੱਛਮੀ ਫ਼ਰੰਟ 'ਤੇ ਜਾਣ ਲਈ ਕਿਹਾ ਜਾਵੇ ਜਦਕਿ ਦੁਸ਼ਮਣ ਪੂਰਬੀ ਬਾਰਡਰ 'ਤੇ ਖੜ੍ਹਾ ਹੈ।'



## ਜਨਮ ਦਿਨ 'ਤੇ ਵਿਸ਼ੇਸ਼

### ਗ਼ਦਰੀ ਯੋਧਿਆਂ ਦੇ ਤਾਰਾ ਮੰਡਲ ਦੇ ਚੰਦ


# ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ

**ਡਾ: ਗੁਰਵਿੰਦਰ ਸਿੰਘ**
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ:)
ਐਬਟਸਫੋਰਡ, ਕੈਨੇਡਾ

ਕੈਨੇਡਾ ਦੇ ਗ਼ਦਰੀ ਬਾਬਿਆਂ ਦੇ ਸ਼ਾਨਾਮੱਤੇ ਇਤਿਹਾਸ ਵਿਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ 'ਤਾਰਾ ਮੰਡਲ ਦਾ ਚੰਦ' ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂ ਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 'ਗ੍ਰੰਥੀ ਸਿੰਘ' ਦੇ ਰੁਤਬੇ 'ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀ ਕੁਰਬਾਨੀਆਂ ਭਰੀ ਸ਼ਾਹਦਤ ਦਾ ਕਿੰਨਾ ਮਹਾਨ ਇਤਿਹਾਸ ਹੈ। ਅੱਜ ਲੋੜ ਹੈ ਕਿ ਧਾਰਮਿਕ ਅਸਥਾਨਾਂ ਉੱਪਰ ਕਾਬਜ਼ ਪ੍ਰਬੰਧਕ ਅਤੇ ਪ੍ਰਚਾਰਕ ਸ਼੍ਰੇਣੀ, 'ਅੱਜ ਦੇ ਡਿਵਾਇਰਾਂ' ਖ਼ਿਲਾਫ਼ ਏਨੀ ਬਹਾਦਰੀ ਨਾਲ ਬੋਲਣ ਦੀ ਹਿੰਮਤ ਰੱਖੇ, ਨਾ ਕਿ ਅਰੂੜ ਸਿੰਘ ਵਰਗਿਆਂ ਵਾਂਗ ਗੋਡੇ ਟੇਕੇ। ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ?ਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਕੁਝ ਲਿਖਿਆ ਮਿਲਦਾ ਹੈ। ਸਿਆਸੀ ਆਗੂਆਂ ਦੇ ਜਨਮ- ਮੌਤ ਵਾਲੇ ਦਿਨ 'ਤੇ ਇਸ਼ਤਿਹਾਰ ਜਾਰੀ ਕਰਨ ਵਾਲੀ ਪੰਜਾਬ ਸਰਕਾਰ ਵੱਲੋਂ, ਅੱਜ ਤਕ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਸ਼ਹੀਦੀ ਦਿਨ 'ਤੇ ਕੋਈ ਸੂਚਨਾ ਜਾਂ ਇਸ਼ਤਿਹਾਰ ਨਹੀਂ ਜਾਰੀ ਕੀਤਾ ਗਿਆ। ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ 'ਸਵਰਕਰ' ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਭਾਰਤ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਨੂੰ ਮਹਾਨ ਯੋਧਾ ਕਰਾਰ ਦੇਣ ਦੀ ਆਸ ਰੱਖਣਾ ਹੀ ਗਲਤ ਹੈ। ਦਰਅਸਲ ਭਾਈ ਸਾਹਿਬ ਦੀ ਸ਼ਹਾਦਤ, ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹੁੰਦਿਆਂ, ਉਸ ਵੇਲੇ ਦੇ ਰਾਜਸੀ ਮੁਖੀਆਂ ਨੂੰ ਚੁਣੌਤੀ ਦਿੰਦਿਆਂ, ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਕ ਕਹੀ ਜਾ ਸਕਦੀ ਹੈ।



ਪੰਜਾਬ ਦੇ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਸਾਹਿਬ ਦਾ ਜਨਮ 15 ਸਤੰਬਰ 1882 ਨੂੰ ਹੋਇਆਲ ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ, ਪਰ ਸੰਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ। ਇੱਥੇ ਹੀ 28 ਜੂਨ 1908 ਵਿੱਚ ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਜੀ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾਲ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਇੰਮੀਗ੍ਰੈਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ।




Kartar Kaur, and children Udham Kaur (standing on left), Naranjan Kaur and son Handial Singh (seated in front).

ਦੂਸਰਾ, ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਦੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ, ਪਰ ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ।

ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ 'ਕੈਨੇਡਾ ਦੀ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ' ਅਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ 'ਚ ਇਮੀਗ੍ਰੈਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ। ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁੱਕ- ਛਿਪ ਕੇ ਜੰਗਲ ਵਿੱਚ ਦੂਰ- ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ ਮ੍ਰਿਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।

ਜਿਸ ਵੇਲੇ 'ਗ਼ਦਰ ਪਾਰਟੀ' ਦਾ ਉੱਤਰੀ ਅਮਰੀਕਾ ਵਿੱਚ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ -ਕੋਨੇ ਵਿੱਚ ਆਵਾਜ਼ ਉਠਾਈਲ ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ

*(ਬਾਕੀ ਸਫ਼ਾ 24 'ਤੇ)*

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com




KULDIP S PANESAR
Senior Mortgage Advisor
Cell: 604-308-6839

NORTHCOAST LUMBER 1
CALL THE TRUE CONTRACTORS YARD TODAY
604-597-8884

- *5 Acres of Lumber
- *Landscape Materials
- *Treated Lumber
- *Plywood/OSB
- *Versalam/BCI Joist
- *Full Hardware Store
- *12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

509 ਮਾਇਆ ਨਾਗਨੀ ਬਣ ਕੇ ਲੜ ਗਈ, ਇਸ ਜ਼ਹਿਰ ਨੂੰ ਤਨੋਂ ਉਤਾਰ ਬੇਟਾ।
ਮੂੰਹ ਮੰਗੀਆਂ ਦੌਲਤਾਂ ਦਿਆਂ ਤੈਨੂੰ, ਮੁੜ ਮੇਲਦੇ ਸਾਡਾ ਪਰਿਵਾਰ ਬੇਟਾ।
ਮੈਂ ਬੁੱਢੀ ਅਤੇ ਇਹ ਬਾਲ ਨਿੱਕੇ, ਇਨ੍ਹਾਂ ਕਰ ਨਾ ਅੱਤਿਆਚਾਰ ਬੇਟਾ।
ਵੇਖ ਪਗੜੀ ਮੂੰਹ ਮੈਂ ਅੰਨ ਪਾਉਂਦੀ, ਉਸ ਬਿਨਾਂ ਭੁੱਖੀ ਨਾ ਮਾਰ ਬੇਟਾ॥

### ਕਵੀਓ ਵਾਚ

510 ਲੋਕੀ ਆਖਦੇ ਪੈਸੇ ਦੀ ਭੁੱਖ ਮਾੜੀ, ਜਦ ਲੱਗਜੇ ਹੋਸ਼ ਭੁਲਾ ਦੇਂਦੀ।
ਪੁੱਤਾਂ ਹੱਥੋਂ ਮਰਵਾਏ ਮਾਪਿਆਂ ਨੂੰ, ਕਤਲ ਵੀਰਾਂ ਦੇ ਇਹ ਕਰਵਾ ਦੇਂਦੀ।
ਜਿਸਨੂੰ ਵੇਖਿਆਂ ਬਿਨ੍ਹਾਂ ਨਾ ਚੈਨ ਆਵੇ, ਵਿੱਚ ਜੰਗਲੀਂ ਉਨ੍ਹਾਂ ਰੁਲਾ ਦੇਂਦੀ।
ਹਰਚੰਦ ਸਿੰਘਾ ਇਨਸਾਨ ਨੇ ਆਪ ਲਾਈ, ਇਹ ਯੁੱਧ ਜਹਾਨ ਦੇ ਲਾ ਦੇਂਦੀ॥

### ਗੰਗੂ ਦੀ ਮਾਤਾ

511 ਮਾਤਾ ਗੰਗੂ ਦੀ ਗੰਗੂ ਨੂੰ ਸ਼ਾਂਤ ਕਰਦੀ, ਤੱਕ ਕੀੜੀ ਦੇ ਘਰ ਭਗਵਾਨ ਆਏ।
ਲੋਕ ਤਰਸਦੇ ਜਿਨ੍ਹਾਂ ਦੇ ਦਰਸ਼ਨਾਂ ਨੂੰ, ਖ਼ੁਦ ਬਣ ਕੇ ਸਾਡੇ ਮਹਿਮਾਨ ਆਏ।
ਕੌਡਾਂ ਬਦਲੇ ਲਾਲਾਂ ਨੂੰ ਰੋਲ ਨਾ ਤੂੰ, ਡੁੱਬਦੀ ਹਿੰਦ ਨੂੰ ਇਹ ਬਚਾਣ ਆਏ।
ਹਰਚੰਦ ਸਿੰਘਾ ਮਾਤਾ ਦੇ ਪੈਰ ਫੜਲੈ, ਇਹ ਤੇ ਸਾਨੂੰ ਕਰਨ ਮਹਾਨ ਆਏ॥

512 ਭੁੱਖਾ ਮਰਦਾ ਗਿਆ ਅਨੰਦਪੁਰ ਨੂੰ, ਇਸ ਮਾਂ ਨੇ ਤੈਨੂੰ ਰੁਜ਼ਗਾਰ ਦਿੱਤਾ।
ਤੈਂ ਗੋਦ ਖਲਾਇਆ ਬੱਚਿਆਂ ਨੂੰ, ਉਨ੍ਹਾਂ ਤੈਨੂੰ ਮਾਨ ਸਤਿਕਾਰ ਦਿੱਤਾ।
ਅੱਜ ਤੇਰੀ ਪੈਸੇ ਨੇ ਮੱਤ ਮਾਰੀ, ਤੈਂ ਤੇ ਸੱਭੋਂ ਕੁੱਝ ਬਿਸਾਰ ਦਿੱਤਾ।
ਲੂਣ ਖਾਧੇ ਦੀ ਰੱਖ ਹਰਚੰਦ ਸਿੰਘਾ, ਸਭ ਕੁੱਝ ਤੂੰ ਜਿੱਤ ਕੇ ਹਾਰ ਦਿੱਤਾ॥

513 ਲਾਜ ਲਾਈਂ ਨਾ ਪਾਪੀਆਂ ਪੰਡਤਾਂ ਨੂੰ, ਰੱਬ ਜੈਸੇ ਸਾਨੂੰ ਜਜਮਾਨ ਹੁੰਦੇ।
ਜਿਨ੍ਹਾਂ ਘਰਾਂ ਤੋਂ ਪੂਰੀਆਂ ਹੋਣ ਗਰਜਾਂ, ਉਨ੍ਹਾਂ ਅੱਗੇ ਨਾ ਕਦੇ ਵੀ ਤਾਨ ਹੁੰਦੇ।
ਨਾਲ ਚੋਰੀਆਂ ਕਦ ਤੱਕ ਪੇਟ ਭਰਨੇ, ਕਰਕੇ ਖਾਣ ਜੋ ਨੇਕ ਇਨਸਾਨ ਹੁੰਦੇ।
ਹਰਚੰਦ ਸਿੰਘਾ ਭੁੱਖੇ ਮਰਨ ਉਹੋ, ਪਰੋਹਤ ਜੋ ਵੀ ਬੇਈਮਾਨ ਹੁੰਦੇ॥

514 ਜਾਹ ਲਿਆ ਪੋਟਲੀ ਜਿੱਥੇ ਰੱਖੀ, ਕੋਈ ਹੋਰ ਨਾ ਚੱਕ ਕੇ ਲੈ ਜਾਏ।
ਧੁੰਦ ਪਈ ਇਸਦਾ ਲੈ ਲਾਹਾ, ਕਿਤੇ ਚੋਰ ਨੂੰ ਮੋਰ ਨਾ ਪੈ ਜਾਏ।
ਅਜੇ 'ਨੇਰਾ ਸੁੱਤਾ ਜਹਾਨ ਪਿਆ, ਚਾਨਣ ਆਪਾਂ ਨੂੰ ਲੈ ਕੇ ਨਾ ਬਹਿ ਜਾਏ।
ਤੈਨੂੰ ਮੰਗ ਕੇ ਲਿਆ ਸੀ ਗੰਗਾ ਤੋਂ, ਕਿਤੇ ਗੰਗਾ ਦਾ ਕਹਿਰ ਨਾ ਢਹਿ ਜਾਏ॥

515 ਰੌਲਾ ਸੁਣ ਕੇ ਲਾਲ ਵੀ ਜਾਗ ਪਏ, ਬੈਠੇ ਦਾਦੀ ਨੂੰ ਜੱਫੀਆਂ ਪਾ ਬੀਬਾ।
ਦੁੱਧ ਪਾਣੀ ਦਾ ਕਰ ਉਪਾਅ ਕੋਈ, ਦਈਏ ਇਨ੍ਹਾਂ ਨੂੰ ਕੁੱਝ ਬਣਾ ਬੀਬਾ।
ਖਿੜੇ ਫੁੱਲ ਤਾਂ ਸੋਂਵ੍ਹਦੇ ਡਾਲੀਆਂ ਤੇ, ਕਦੇ ਸਾੜੇ ਨਾ ਭੱਠੀਆਂ ਡਾਹ ਬੀਬਾ।
ਲੈ ਭਾਂਡਾ ਹੱਥ ਹਰਚੰਦ ਸਿੰਘਾ, ਲਿਆ ਦੁੱਧ ਤੂੰ ਆਪ ਚੁਆ ਬੀਬਾ॥

516 ਚਲੋ ਮਾਤਾ ਜੀ ਬਾਹਰ ਵੱਲ ਜਾ ਆਈਏ, ਆਪਾਂ ਹਨੇਰੇ ਦਾ ਲਾਭ ਉਠ ਕੇ ਜੀ।
ਫਿਰ ਕਰਾਂਗੇ ਆ ਇਸ਼ਨਾਨ ਪਾਣੀ, ਖਾਵਾਂ ਪੀਆਂਗੇ ਕੁੱਝ ਬਣਾ ਕੇ ਜੀ।
ਗੰਗਾ ਰੱਖਦਾ ਚੁੱਲ੍ਹੇ ਤੇ ਗਰਮ ਪਾਣੀ, ਕਿਹਾ ਗੰਗੂ ਨੂੰ ਉਸ ਸੁਣਾ ਕੇ ਜੀ।
ਹਰਚੰਦ ਸਿੰਘਾ ਗੰਗਾ ਸੀ ਸੱਪ ਜ਼ਹਿਰੀ, ਵਿਸ਼ ਘੋਲਦਾ ਜੀਭ ਹਿਲਾ ਕੇ ਜੀ॥

### ਗੰਗੂ ਦੀ ਸੋਚ

517 ਗੰਗੂ ਸੋਚਦਾ ਮਾਇਆ ਜੇ ਮੋੜ ਦੇਵਾਂ, ਫਿਰ ਵੀ ਰਹਾਂਗਾ ਚੋਰ ਦਾ ਚੋਰ ਮਾਏ।
ਸਜਾ ਮੌਤ ਦੀ ਚੋਰਾਂ ਨੂੰ ਦੇਣ ਗੁਰੂ, ਦੇਣਾ ਨਰਕੀ ਉਨ੍ਹਾਂ ਨੇ ਤੋਰ ਮਾਏ।
ਮਾਇਆ ਮਿਸ਼ਰੀ ਆਪ ਹੈ ਘਰ ਆਈ, ਇਨੂੰ ਖਾਵਾਂਗੇ ਜੀਭ ਤੇ ਭੋਰ ਮਾਏ।
ਹਰਚੰਦ ਸਿੰਘਾ ਸਰਕਾਰ ਨੂੰ ਖਬਰ ਦੇ ਕੇ, ਨਾਲੇ ਲਵਾਂ ਸਰਕਾਰ ਤੋਂ ਹੋਰ ਮਾਏ॥

518 ਮੈਂ ਗੰਗੂ ਤੋਂ ਗੰਗਾ ਰਾਮ ਬਣੂ, ਪੈਸਾ ਜੱਗ ਤੇ ਨਾਮ ਬਨਾਂਵਦਾ ਏ।
ਜੋ ਪੈਸੇ ਦੀ ਦਾਤ ਤੋਂ ਹੈ ਖਾਲੀ, ਜੱਗ ਉਸ ਤੋਂ ਘਾਹ ਖੁਤਾਂਵਦਾ ਏ।
ਪੈਸੇ ਲਈ ਨਿਭਾਉਣਾ ਸਿਰ ਪੈਂਦਾ, ਪੈਸੇ ਵਾਲਾ ਜੁੱਤੀਆਂ ਲਾਂਵਦਾ ਏ।
ਹਰਚੰਦ ਸਿੰਘਾ ਪੈਸੇ ਦੀ ਇਹ ਦੁਨੀਆ, ਇਹ ਬੜੇ ਹੀ ਰੰਗ ਵਿਖਾਂਵਦਾ ਏ॥

519 ਮੇਰੇ ਦੁੱਖ ਨੇ ਸਾਰੇ ਦੂਰ ਹੋਣੇ, ਮੇਰੇ ਘਰ ਬਹਾਰਾਂ ਹੋਣਗੀਆਂ।
ਲੋਕ ਆਉਣਗੇ ਧੀਆਂ ਦੇ ਲੈ ਰਿਸ਼ਤੇ, ਮੇਰੇ ਹਾਰ ਸੁਹਾਗਣਾਂ ਪਾਉਣਗੀਆਂ।
ਵਿਚ ਖੇੜੀ ਦੇ ਕਰੂੰਗਾ ਸ਼ਾਹੂਕਾਰਾ, ਚਿੱਟੇ ਕੱਪੜੇ ਧੋਬਣਾਂ ਧੋਣਗੀਆਂ।
ਗੰਗੂ ਪਾਂਡਾ ਜੋ ਕਹਿਣ ਹਰਚੰਦ ਸਿੰਘਾ, ਮੇਰੇ ਫਰਸ਼ ਤੇ ਪੋਚੇ ਲਾਉਣਗੀਆਂ॥

### ਗੰਗੂ ਨੇ ਪਿੰਡ ਦੇ ਚੌਧਰੀ ਨੂੰ ਜਾ ਦੱਸਣਾ

520 ਅਮੀਰੀ ਵੱਲ ਗਰੀਬ ਦੀ ਸੋਚ ਚੱਲੀ, ਸਭ ਕੁੱਝ ਉਸਨੇ ਹੋਰ ਭੁਲਾ ਦਿੱਤਾ।
ਬੂਹਾ ਠੋਰਿਆ ਪਿੰਡ ਦੇ ਚੌਧਰੀ ਦਾ, ਪਾਪੀ ਪੰਡਤ ਨੇ ਪਾਪ ਕਮਾ ਦਿੱਤਾ।
ਮੇਰੇ ਘਰ ਨੇ ਗੁਰੂ ਦੀ ਮਾਂ-ਬੇਟੇ, ਨਾਲੇ ਚੋਰੀ ਦਾ ਪਰਚਾ ਪਾ ਦਿੱਤਾ।
ਬਫਾਦਾਰ ਹਾਂ ਅਸੀਂ ਹਕੂਮਤਾਂ ਦੇ, ਅਸੀਂ ਆਪਣਾ ਫ਼ਰਜ਼ ਨਿਭਾ ਦਿੱਤਾ॥

### ਚੌਧਰੀ

521 ਕਹਿੰਦਾ ਚੌਧਰੀ ਸ਼ਾਬਾਸ਼ ਗੰਗੂ, ਤੇਰੇ ਉਤੇ ਬੜਾ ਹੈ ਮਾਨ ਮੀਆਂ।
ਦੇਊ ਬਾਦਸ਼ਾਹ ਚੋਖਾ ਇਨਾਮ ਤੈਨੂੰ, ਤੈਂ ਤੇ ਕੀਤਾ ਵੱਡਾ ਅਹਿਸਾਨ ਮੀਆਂ।
ਇਸ ਜੱਗ ਤੇ ਕਿਤੇ ਹੀ ਨਜ਼ਰ ਆਉਂਦੇ, ਤੇਰੇ ਜੈਸੇ ਲੋਕ ਮਹਾਨ ਮੀਆਂ।
ਹਰਚੰਦ ਸਿੰਘਾ ਕਿਸਮਤਾਂ ਖੁੱਲ੍ਹ ਗਈਆਂ, ਮਿਲੂ ਨੌਕਰੀ ਅਤੇ ਮਕਾਨ ਮੀਆਂ॥

### ਚੌਧਰੀ ਦਾ ਮੁਰਿੰਡੇ ਜਾਣਾ

522 ਮੈਂ ਹੁਣੇ ਮੁਰਿੰਡੇ ਨੂੰ ਜਾਂਵਦਾ ਹਾਂ, ਲਿਆਉਣਾ ਉਥੋਂ ਪੁਲਸ ਚੜ੍ਹਾ ਗੰਗੂ।
ਕਿਸੇ ਕੋਲੇ ਕਰੀਂ ਨਾ ਗੱਲ ਕੋਈ, ਮੂੰਹ ਢੱਕ ਕੇ ਘਰ ਨੂੰ ਜਾਹ ਗੰਗੂ।
ਅੰਦਰ ਤਾੜ ਕੇ ਦਾਦੀ ਤੇ ਪੋਤਿਆਂ ਨੂੰ, ਦੇਹ ਜੰਦ੍ਰਰੇ ਬਾਹਰੋਂ ਲਾ ਗੰਗੂ।
ਫਿਕਰ ਕਰੀਂ ਨਾ ਤੂੰ ਹਰਚੰਦ ਸਿੰਘਾ, ਤੈਂ ਤੇ ਦਿੱਤੀ ਨਹੀਂ ਪਨਾਹ ਗੰਗੂ॥

### ਕਵੀਓ ਵਾਚ

523 ਕਾਹਲੀ ਕਾਹਲੀ ਕੰਮ ਮੁਕਾ ਸਾਰਾ ਪਾਪੀ ਆਪਣੇ ਘਰ ਨੂੰ ਮੁੜਿਆ ਏ।
ਜਿਵੇਂ ਸੱਪ ਨਿਉਲਿਆਂ ਘੇਰਿਆ ਏ, ਬੈਠਾ ਮੰਜੀ ਦੇ ਨਾਲ ਉਹ ਜੁੜਿਆ ਏ।
ਮੱਥਾ ਉਸਦਾ ਨੂਹਿਆਂ ਡੰਗਿਆ ਏ, ਬੂਥਾ ਉਸਦਾ ਮੱਚਿਆ ਕੁੜਿਆ ਏ।
ਮਗਰਮੱਛ ਤੇ ਬੈਠ ਹਰਚੰਦ ਸਿੰਘਾ, ਸਾਗਰ ਪਾਰ ਕਰਨ ਨੂੰ ਤੁਰਿਆ ਏ॥

524 ਦਾਦੀ-ਪੋਤਿਆਂ ਅੰਦਰ ਇਸਨਾਨ ਕੀਤੇ, ਮਾਂ ਗੰਗੂ ਦੀ ਤੌਣ ਬਣਾਉਣ ਲੱਗੀ।
ਦਾਦੀ ਆਪਣੇ ਪਹਿਲਾਂ ਕੇਸ ਵਾਹੇ, ਫਿਰ ਪੋਤਿਆਂ ਦੇ ਉਹ ਵਹੁਣ ਲੱਗੀ।
ਕੰਵਲ ਵਾਂਙ ਸੀ ਨਿੱਖਰੇ ਦੇਖ ਚਿਹਰੇ, ਮੱਥੇ ਚੁੰਮ ਕੇ ਖ਼ੈਰ ਮਨਾਉਣ ਲੱਗੀ।
ਸੱਚੇ ਪਾਤਿਸ਼ਾਹ ਹੌਸਲੇ ਦੇਹਿ ਸਾਨੂੰ, ਅਕਾਲ ਪੁਰਖ ਨੂੰ ਮਾਤਾ ਧਿਆਉਣ ਲੱਗੀ॥

525 ਕੇਸ ਵਾਹ ਕੇ ਜੂੜੇ ਕਰ ਦਿੱਤੇ, ਫਿਰ ਸਿਰ ਦਸਤਾਰਾਂ ਬੰਨ੍ਹੀਆਂ ਨੇ।
ਮਾਤਾ ਗੰਗੂ ਦੀ ਥਾਲੀ ਦੇ ਵਿਚ ਧਰਕੇ, ਮੂਹਰੇ ਰੱਖੀਆਂ ਉਨ੍ਹਾਂ ਦੇ ਮੰਨੀਆਂ ਨੇ।
ਹਨ੍ਹੇਰੀ ਵਾਂਗਰਾਂ ਘੋੜ ਸਵਾਰ ਆਏ, ਆ ਕੇ ਰੋਕੀਆਂ ਚਾਰੇ ਕੰਨੀਆਂ ਨੇ।
ਹਰਚੰਦ ਸਿੰਘਾ ਨਾ ਹੋਇਆ ਨਸੀਬ ਖਾਣਾ, ਅਜੇ ਦੋ ਗਰਾਹੀਆਂ ਹੀ ਭੰਨੀਆਂ ਨੇ॥

### ਮੁਰਿੰਡੇ ਤੋਂ ਜਾਨੀ ਖ਼ਾਨ ਤੇ ਮਾਨੀ ਖ਼ਾਨ ਦਾ ਆਉਣਾ

526 ਗੰਗੂ ਬਾਹਮਣਾ ਬੀਹੀ ਦੇ ਵਿਚ ਆ ਜਾ, ਦੋਵੇਂ ਬਾਹਾਂ ਖੜ੍ਹੀਆਂ ਕਰਕੇ ਉਏ।
ਪਨਾਹ ਦਿੱਤੀ ਸਰਕਾਰ ਦੇ ਦੋਸ਼ੀਆਂ ਨੂੰ, ਟੁੱਕੜ ਦੇਵਣੈ ਥਾਲੀਆਂ ਧਰ ਕੇ ਉਏ।
ਸੂਰਾ, ਕੁੱਤਿਆ, ਤੁਖਮ ਹਰਾਮਦਿਆ, ਤੂੰ ਰਿਹਾ ਨਾ ਹਕੂਮਤ ਤੋਂ ਡਰ ਕੇ ਉਏ।
ਹਰਚੰਦ ਸਿੰਘਾ ਥਾਣੇਦਾਰ ਗੜਕੇ, ਦੋਸ਼ੀ ਹੋਇਉਂ ਇਨ੍ਹਾਂ ਨਾਲ ਰਲਕੇ ਉਏ॥

### ਕਵੀਓ ਵਾਚ

527 ਸੁੱਕਾ ਟੁੱਕੜ ਸੀ ਮਸੀਂ ਨਸੀਬ ਹੋਇਆ, ਦਿੱਤਾ ਪਾਪੀਆਂ ਉਹ ਵੀ ਖਾਣ ਨਾਹੀ।
ਗੇੜ ਦੁੱਖਾਂ ਦਾ ਅਜੇ ਨਾ ਖਤਮ ਹੋਇਆ, ਸਮੇਂ ਸਾਹਮਣੇ ਚਲਦਾ ਤਾਣ ਨਾਹੀ।
ਹੱਕ ਸੱਚ ਦੀ ਮੂੰਹੋਂ ਗੱਲ ਕਰਨੀ, ਜਾਬਰ-ਜਾਲਮਾਂ ਕਹਿਣੀ ਆਸਾਨ ਨਾਹੀ।
ਹਰਚੰਦ ਸਿੰਘਾ ਕੀਤਾ ਭੁਲਾ ਦੇਵੇ, ਇਨਸਾਨ ਹੋ ਕੇ ਵੀ ਉਹੋ ਇਨਸਾਨ ਨਾਹੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

RADIO INDIA - 1110 AM
24-Hour

We are back on air.....
Radio India
Tune into 1110 AM
www.radioindia.ca
604 592 9191
604 592 9091
info@radioindia.ca



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

sep18

◆◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 1988, 5'8", MBA, ਲਈ ਬਰਾਬਰ ਯੋਗਤਾ ਲੜਕੀ ਦੀ ਲੋੜ ਹੈ। ਸੰਪਰਕ-9915213697 (ਇੰਡੀਆ ਵੈਟਸੈਪ)

sep18

◆◆◆◆◆◆◆◆◆◆◆◆◆◆◆

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

◆◆◆◆◆◆◆◆◆◆◆◆◆◆◆

ਹਿੰਦੂ ਖੱਤਰੀ ਲੜਕਾ, 32, 5'8", ਐਮ.ਕਾਮ ਐਲਐਲਬੀ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਮਾਂਟਰੀਅਲ (ਕਿਊਬੇਕ) ਵਿਚ ਸਟੱਡੀ ਕਰ ਰਿਹਾ ਹੈ। ਭਾਰਤ ਵਿਚ ਵਧੀਆ ਪਰਿਵਾਰ ਹੈ। ਸੰਪਰਕ-778-710-0181 ਜਾਂ 98155-34655

sep18

◆◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆◆

ਹਿੰਦੂ ਰਵਿਦਾਸੀਆ ਲੜਕੀ, 31, 5'5", ਐਮ.ਐਸ.ਸੀ. (ਕੰਪਿਊਟਰ ਸਾਇੰਸ) ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਵੈਸ਼ਨੂੰ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਪਰਿਵਾਰ ਭਾਰਤ ਵਿਚ ਵਧੀਆ ਸੈਟਲਡ ਹੈ। ਸੰਪਰਕ-778-710-0181 ਜਾਂ 95921-36320

sep18

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

◆◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

sep18

◆◆◆◆◆◆◆◆◆◆◆◆◆◆◆

New Way Rooifng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਨਵੇਂ ਅਤੇ ਤਜਰਬੇ ਤੋਂ ਬਗ਼ੈਰ ਵਰਕਰ ਵੀ ਸੰਪਰਕ ਕਰ ਸਕਦੇ ਹਨ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-719-7927 ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆◆

### ਕੇਅਰਗੀਵਰ ਦੀ ਲੋੜ

80 ਸਾਲ ਦੀ ਪੰਜਾਬੀ ਔਰਤ ਦੀ ਦੇਖਭਾਲ ਕਰਨ ਲਈ ਤੁਰੰਤ "ਹਿੰਦੀ/ ਪੰਜਾਬੀ ਬੋਲਣ ਵਾਲੇ" ਕੇਅਰਗੀਵਰ ਲੋੜ ਹੈ। ਭਾਰਤੀ ਅਤੇ ਪੰਜਾਬੀ ਖਾਣਾ ਪਕਾਉਣਾ, ਘਰ ਨੂੰ ਧੋਣ, ਲਾਂਡਰੀ ਅਤੇ ਆਮ ਦੇਖਭਾਲ ਵਿੱਚ ਸਹਾਇਤਾ ਕਰਨ। ਲਾਭਾਂ ਦੇ ਨਾਲ ਚੰਗੀ ਤਨਖਾਹ। ਕੰਮ ਦੀ ਜਗ੍ਹਾ ਵੈਨਕੂਵਰ ਹੈ। ਹੋਰ ਵਧੇਰੇ ਜਾਣਕਾਰੀ ਲਈ 14037600442 (Ash) ਤੇ ਕਾਲ ਕਰੋ, ਸਵੇਰੇ 10 ਵਜੇ ਤੋਂ ਰਾਤ 8 ਵਜੇ ਦੇ ਵਿਚਕਾਰ ਕਾਲ ਕਰੋ।

sep18

◆◆◆◆◆◆◆◆◆◆◆◆◆◆◆

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

◆◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆◆

### ਮਕਾਨ ਕਿਰਾਏ ਲਈ ਖਾਲੀ

ਸਰੀ ਦੇ ਫਲੀਟਵੁੱਡ ਏਰੀਆ ਵਿਚ 4 ਬੈੱਡਰੂਮ 3 ਵਾਸ਼ਰੂਮ ਅਤੇ 2 ਕਾਰਾਂ ਦੇ ਗਰਾਜ ਵਾਲਾ ਮਕਾਨ ਕਿਰਾਏ ਲਈ ਉਪਲਬਧ ਹੈ। ਸਕੂਲ, ਸਟੋਰ ਅਤੇ ਬੱਸ ਸਟਾਪ ਆਦਿ ਸਹੂਲਤਾਂ ਨਜ਼ਦੀਕ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-719-7927.

◆◆◆◆◆◆◆◆◆◆◆◆◆◆◆

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE

# ਜਿਸ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥



ਸਾਨੂੰ ਸਾਰਿਆਂ ਨੂੰ ਆਪਣੇ ਆਪ ਨੂੰ ਭਾਗਾਂ ਵਾਲੇ ਸਮਝਣਾ ਚਾਹੀਦਾ ਹੈ ਕਿ ਸਾਡੇ ਕੋਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਇੱਕ ਅਜਿਹੇ ਮਾਰਗ ਦਰਸ਼ਕ ਹਨ ਜੋ ਸਾਡੇ ਜੀਵਨ ਦੇ ਹਰ ਮੋੜ ਉੱਪਰ ਸਾਡਾ ਮਾਰਗ ਦਰਸ਼ਨ ਕਰਦੇ ਹਨ। ਇੱਕ ਦਿਨ ਗੁਰਬਾਣੀ ਵਿਚਾਰਦਿਆਂ ਇਹ ਪੰਗਤੀਆਂ ਸਾਹਮਣੇ ਆਈਆਂ ਤਾਂ, ਮਨ ਹੈਰਾਨ ਸੀ ਕਿ ਗੁਰੂ ਸਾਹਿਬ ਸਾਨੂੰ ਕਿਸ ਤਰ੍ਹਾਂ ਹਰ ਗੱਲ ਤੇ ਸਾਵਧਾਨ ਕਰ ਰਹੇ ਹਨ। ਜੇਕਰ ਅੱਜ ਮੌਜੂਦਾ ਦੌਰ ਵੱਲ ਝਾਤ ਮਾਰੀਏ ਤਾਂ ਲੋਕ ਆਪਣੇ ਦੁੱਖ ਤੋਂ ਘੱਟ ਅਤੇ ਦੂਸਰਿਆਂ ਦੇ ਸੁੱਖ ਤੋਂ ਜਿਆਦਾ ਦੁਖੀ ਨਜ਼ਰ ਆਉਂਦੇ ਹਨ। ਈਰਖਾ, ਦਵੇਸ਼, ਕੁੜੱਤਣ, ਲਾਲਸਾ ਅਤੇ ਲਾਲਚ ਨੇ ਸਾਨੂੰ ਅੰਦਰੋਂ ਖੋਖਲਾ ਕਰ ਦਿੱਤਾ ਹੈ। ਮਨੁੱਖ ਕਿੰਨੀ ਬੇਸਮਝੀ ਨਾਲ ਕਿਸੇ ਹੋਰ ਦੇ ਸੁੱਖ ਅਰਾਮ, ਤਰੱਕੀ ਨੂੰ ਵੇਖ ਅੰਦਰੋ ਅੰਦਰੀ ਕੋਲੇ ਵਾਂਗ ਭੱਖਦਾ ਰਹਿੰਦਾ ਹੈ, ਬਜਾਇ ਇਸ ਦੇ ਕਿ ਉਹੀ ਸਮਾਂ ਆਪਣੇ ਕੰਮ ਵੱਲ ਧਿਆਨ ਦੇਕੇ ਆਪ ਕਿਸੇ ਖੇਤਰ ਵਿੱਚ ਸਫ਼ਲ ਹੋਇਆ ਜਾ ਸਕੇ। ਹਰ ਮਨੁੱਖ ਦੀ ਕਾਮਨਾ ਹੁੰਦੀ ਹੈ ਕਿ ਉਹ ਅੱਗੇ ਵਧੇ, ਸਮਾਜ ਵਿੱਚ ਉਸਦਾ ਚੰਗਾ ਰੁਤਬਾ ਹੋਵੇ, ਪਰ ਇਸ ਲਈ ਜਰੂਰੀ ਹੈ ਕਿ ਮਨੁੱਖ ਸਾਫ ਨੀਅਤ ਨਾਲ ਆਪਣਾ ਕਰਮ ਕਰੇ ਅਤੇ ਮਿਹਨਤ ਨਾਲ ਆਪਣਾ ਮੁਕਾਮ ਹਾਸਿਲ ਕਰੇ। ਜਿੰਨਾ ਸਮਾਂ ਦੂਸਰੇ ਦੀ ਤਰੱਕੀ ਜਾਂ ਸੁੱਖ ਨੂੰ ਘੂਰਦਿਆਂ ਅਜਾਈ ਗਵਾਇਆ ਜਾ ਰਿਹਾ, ਇਹ ਸਮਾਂ ਆਪਣੇ ਆਪ ਨੂੰ ਨਿਖਾਰਨ ਉੱਪਰ ਵੀ ਲਗਾਇਆ ਜਾ ਸਕਦਾ ਹੈ। ਦੂਸਰਿਆਂ ਲਈ ਮਨ ਵਿੱਚ ਦਵੇਸ਼ ਰੱਖਣ ਵਾਲਾ ਮਨੁੱਖ ਹਮੇਸ਼ਾ ਸੁਭਾਅ ਵਿੱਚ ਚਿੜਚਿੜਾ ਹੁੰਦਾ ਹੈ। ਉਸਨੂੰ ਬਿਨਾ ਕਿਸੇ ਗੱਲ ਤੋਂ ਹੀ ਗੁੱਸਾ ਆਉਂਦਾ ਹੈ, ਉਹ ਆਪ ਤਾਂ ਅੰਦਰੋ ਅੰਦਰ ਦੁਖੀ ਹੁੰਦਾ ਹੈ ਨਾਲ ਰਹਿਣ ਵਾਲੇ ਪਰਿਵਾਰਿਕ ਜਨਾਂ ਦਾ ਵੀ ਉਸ ਨੇ ਜੀਵਨ ਦੁੱਭਰ ਕੀਤਾ ਹੁੰਦਾ ਹੈ। ਪਰਾਈ ਤਾਤ ਰੱਖਣ ਵਾਲੇ ਇੱਕ ਮਨੁੱਖ ਕਰਕੇ ਹੀ ਪੂਰਾ ਪਰਿਵਾਰ ਅਵਾਜ਼ਾਰੀ ਦਾ ਸਾਹਮਣਾ ਕਰਦਾ ਹੈ, ਕਿਉਂਕਿ ਬਹੁਤਾਤ ਅਜਿਹੇ ਮਨੁੱਖ ਦਾ ਵਸ ਕਿਤੇ ਹੋਰ ਨਾ ਚੱਲਣ ਕਰਕੇ ਪਰਿਵਾਰ ਮੈਬਰਾਂ ਉੱਪਰ ਚੱਲ ਜਾਂਦਾ ਹੁੰਦਾ ਹੈ। ਸੋ ਅਜਿਹੇ ਮਨੁੱਖ ਕਿਸੇ ਦੇ ਸੁੱਖ ਨੂੰ ਵੇਖ ਆਪ ਤਾਂ ਦੁੱਖੀ ਹੁੰਦੇ ਹੀ ਹਨ ਨਾਲ ਦੀ ਨਾਲ ਪਰਿਵਾਰ ਦੇ ਜੀਆਂ ਨੂੰ ਵੀ ਤੰਗ ਕਰਦੇ ਹਨ। ਪਰ ਯਾਦ ਰਹੇ ਕਿਸੇ ਪ੍ਰਤੀ ਮਨ ਵਿੱਚ ਦਵੇਸ਼, ਈਰਖਾ ਤੇ ਸਾੜਾ ਰੱਖਣ ਵਾਲੇ ਮਨੁੱਖ ਕਦੇ ਖੁਸ਼ ਨਹੀਂ ਹੁੰਦੇ। ਪੰਥ ਰਤਨ ਗਿਆਨੀ ਪਿੰਦਰਪਾਲ ਸਿੰਘ ਜੀ ਇੱਕ ਕਥਾ ਵਿੱਚ ਦੱਸਦੇ ਸਨ ਕਿ ਅਜਿਹੇ ਮਨੁੱਖ ਪਹਿਲਾਂ ਆਪਣੇ ਆਪ ਨੂੰ ਸਾੜਦੇ ਹਨ, ਪਹਿਲਾਂ ਆਪ ਕਿਸੇ ਨੂੰ ਅੱਗੇ ਵੱਧਦਾ ਵੇਖ ਦੁੱਖੀ ਹੁੰਦੇ ਹਨ ਅਤੇ ਕਦੇ ਕਦੇ ਅਜਿਹੇ ਮਨੁੱਖ ਦੀ ਅਜਿਹੀ ਦਵੇਸ਼ ਭਰੀ ਨਿਗਾਹ ਕਿਸੇ ਉੱਪਰ ਪੈਂਦੀ ਹੈ ਕਿ ਕਿਸੇ ਦੀਆਂ ਖੁਸ਼ੀਆਂ ਨੂੰ ਵੀ ਨਜ਼ਰ ਲੱਗ ਜਾਂਦੀ ਹੈ। ਪਰ ਧਿਆਨ ਰਹੇ ਗੁਰਬਾਣੀ ਦੇ ਮਹਾਵਾਕ ਅਨੁਸਾਰ ਜਿਸ ਮਨੁੱਖ ਦੇ ਹਿਰਦੇ ਵਿੱਚ ਦੂਸਰਿਆਂ ਪ੍ਰਤੀ ਦਵੇਸ਼, ਈਰਖਾ ਹੈ ਉਸਦਾ ਆਪਣਾ ਕਦੇ ਵੀ ਭਲਾ ਨਹੀਂ ਹੋ ਸਕਦਾ , ਉਹ ਚਾਹ ਕੇ ਵੀ ਅੱਗੇ ਨਹੀਂ ਵੱਧ ਸਕਦਾ। ਅਜਿਹੇ ਮਨੁੱਖ ਹਮੇਸ਼ਾ ਖੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਸਾਰੀ ਜ਼ਿੰਦਗੀ ਦੂਸਰਿਆਂ ਦੇ ਸੁੱਖ ਨੂੰ ਦੇਖ ਦੇਖ ਕੇ ਦੁਖੀ ਹੁੰਦੇ ਰਹਿੰਦੇ ਹਨ। ਹਰ ਮਨੁੱਖ ਨੂੰ ਜੀਵਨ ਰੂਪੀ ਧਰਤ ਮਿਲੀ ਹੈ ਇਸ ਵਿੱਚ ਜਿਵੇਂ ਦੇ ਕਰਮ ਰੂਪੀ ਬੀਜ ਪਾਵਾਂਗੇ, ਉਸ ਤਰ੍ਹਾਂ ਦੇ ਫਲ ਸਾਨੂੰ ਨਸੀਬ ਹੋਣਗੇ। ਸੋ ਯਤਨ ਰਹੇ ਕਿ ਗੁਰਬਾਣੀ ਦੇ ਇਹਨਾਂ ਵਾਕਾਂ ਨੂੰ ਆਪਣੇ ਜੀਵਨ ਦਾ ਅਧਾਰ ਬਣਾ , ਈਰਖਾ, ਦਵੇਸ਼, ਨਿੰਦਿਆ ਤੋਂ ਦੂਰ ਰਹੀਏ ਅਤੇ ਪਿਆਰ ਦੇ ਬੀਜ ਬੀਜੀਏ। ਤਾਂ ਜੋ ਇੱਕ ਪਿਆਰ ਭਰਿਆ ਸਮਾਜ ਸਿਰਜ ਸਕੀਏ ਜਿੱਥੇ ਹਰ ਕੋਈ ਭਾਈਚਾਰਕ ਸਾਂਝ ਨਾਲ ਜੀਵਨ ਬਸਰ ਕਰੇ।



ਹਰਕੀਰਤ ਕੌਰ
9779118066

> ਅਜਿਹੇ ਮਨੁੱਖ ਕਿਸੇ ਦੇ ਸੁੱਖ ਨੂੰ ਵੇਖ ਆਪ ਤਾਂ ਦੁੱਖੀ ਹੁੰਦੇ ਹੀ ਹਨ ਨਾਲ ਦੀ ਨਾਲ ਪਰਿਵਾਰ ਦੇ ਜੀਆਂ ਨੂੰ ਵੀ ਤੰਗ ਕਰਦੇ ਹਨ। ਪਰ ਯਾਦ ਰਹੇ ਕਿਸੇ ਪ੍ਰਤੀ ਮਨ ਵਿੱਚ ਦਵੇਸ਼, ਈਰਖਾ ਤੇ ਸਾੜਾ ਰੱਖਣ ਵਾਲੇ ਮਨੁੱਖ ਕਦੇ ਖੁਸ਼ ਨਹੀਂ ਹੁੰਦੇ।





IT'S A HEALTH ISSUE, NOT A RACE ISSUE.

Don't turn a blind eye. COVID-19 affects us all.
Racism doesn't have to.

healthnothate.com #HealthNotHate

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

## ਗ਼ਦਰੀ ਯੋਧਿਆਂ ਦੇ ਤਾਰਾ ਮੰਡਲ ਦੇ ਚੰਦ

# ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ

[ਸਫ਼ਾ 19 ਦੀ ਬਾਕੀ]

ਦੂਰ -ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ 'ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ ਦੰਦਲ ਹੀ ਪੈ ਗਈ ਸੀ। ਇਸੇ ਹੀ ਕਾਰਨ ਉਸ ਨੇ ਆਪਣੀ ਕਿਤਾਬ 'ਇੰਡੀਆ ਐਜ਼ ਆਈ ਨਿਊਂ' ਦੇ ਪੰਨਾ 191'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ 'ਤੀਸਰੇ ਬੰਦੇ' (ਭਾਈ ਬਲਵੰਤ ਸਿੰਘ ਖੁਰਦਪੁਰ) ਦੇ ਤਰੀਕੇ 'ਖ਼ਤਰਨਾਕ' ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ 'ਇਸ ਮੈਂਬਰ' ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ।

5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਭਾਈ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੈਨੇਡਾ ਤੋਂ ਆਏ ਵਫ਼ਦ ਨੇ ਮੁਲਾਕਾਤ ਕੀਤੀ ਅਤੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ- ਜ਼ੁਲਮ ਬਾਰੇ ਨਿਡਰਤਾ ਨਾਲ ਵਿਚਾਰ ਰੱਖੇ। ਚਾਹੇ ਉਸ ਵੇਲੇ ਪੰਜਾਬ ਦੇ ਜਾਗਰੂਕ ਲੋਕਾਂ, ਲੋਕ ਪੱਖੀ ਮੀਡੀਆ ਅਤੇ ਆਮ ਵਿਅਕਤੀਆਂ ਨੇ ਉਨ੍ਹਾਂ ਦਾ ਸਾਥ ਦਿੱਤਾ, ਪਰ ਅਖੌਤੀ ਰਾਸ਼ਟਰਵਾਦੀ ਅਤੇ ਫਰੰਗੀਆਂ ਦੇ ਝੋਲੀ ਚੁੱਕਾਂ ਨੇ ਵਿਰੋਧ ਹੀ ਕੀਤਾ। ਗ਼ਦਰੀ ਸੂਰਮਿਆਂ ਦੇ ਅਖ਼ਬਾਰ 'ਕਿਰਤੀ' 1926 ਦੇ ਅੰਕ ਦੇ ਪੰਨਾ 14 ਉੱਪਰ ਲਿਖਿਆ ਹੈ ਕਿ ਰਾਸ਼ਟਰਵਾਦੀ ਆਗੂ ਲਾਲਾ ਲਾਜਪਤ ਰਾਏ ਨੇ ਭਾਈ ਬਲਵੰਤ ਸਿੰਘ ਹੁਰਾਂ ਵੱਲੋਂ ਅੰਗਰੇਜ਼ਾਂ ਖ਼ਿਲਾਫ਼ ਕੀਤੇ ਸੰਘਰਸ਼ ਨੂੰ 'ਕੇਵਲ ਸਿੱਖਾਂ ਦਾ ਮਸਲਾ' ਕਹਿਕੇ ਉਹਨਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਿਚਲੇ ਅੰਗਰੇਜ਼ਾਂ ਦੇ ਪਿੱਠੂਆਂ ਨੇ ਵੀ ਭਾਈ ਸਾਹਿਬ ਦੇ ਇਤਿਹਾਸਕ ਯਤਨਾਂ ਦੀ ਵਿਰੋਧਤਾ ਕਰਕੇ ਕੌਮ ਦੀ ਪਿੱਠ 'ਚ ਛੁਰਾ ਮਾਰਿਆ। ਇਸੇ ਕਾਰਨ ਹੀ ਕੁਝ ਸਮਾਂ ਮਗਰੋਂ ਸਿੱਖ ਸੰਗਤਾਂ ਵੱਲੋਂ ਗੁਰਮਤਾ ਕਰਕੇ ਅਜਿਹੇ ਵਿਅਕਤੀਆਂ ਨੂੰ ਪੰਥ ਅਤੇ ਕੌਮ ਦੇ ਗ਼ਦਾਰ ਐਲਾਨਿਆ ਗਿਆ। ਇਤਿਹਾਸਕ ਸਰੋਤਾਂ ਅਨੁਸਾਰ ਇਨ੍ਹਾਂ ਗੁਰਮਤਿਆਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰਦਿਆਂ ਗਦਰੀ ਯੋਧਿਆਂ, ਕਾਮਾਗਾਟਾ ਮਾਰੂ ਦੇ ਮੁਸਾਫਰਾਂ, ਕੈਨੇਡਾ ਤੋਂ ਆਏ ਸਿੱਖ ਜੱਥਿਆਂ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਹੋਰਨਾਂ ਸ਼ਖ਼ਸੀਅਤਾਂ ਦੀ ਬਹਾਦਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਨਾਲ ਹੀ ਸੁੰਦਰ ਸਿੰਘ ਮਜੀਠੀਏ, ਅਰੂੜ ਸਿੰਘ ਸਰਬਰਾਹ ਅਤੇ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਵਰਗਿਆਂ ਨੂੰ ਤਨਖਾਹੀਏ ਕਰਾਰ ਦੇ ਕੇ, ਉਨ੍ਹਾਂ ਨੂੰ 'ਭਾਈ' ਜਾਂ 'ਸਰਦਾਰ' ਸ਼ਬਦ ਨਾਲ ਸੰਬੋਧਨ ਨਾ ਕਰਨ ਵਾਸਤੇ ਕਿਹਾ ਗਿਆ। ਇਸ ਤੋਂ ਇਲਾਵਾ ਮਹਾਰਾਜਾ ਪਟਿਆਲਾ ਵੱਲੋਂ ਮਾਈਕਲ ਓਡਵਾਇਰ ਫੰਡ ਵਿੱਚ, 'ਵੀਹ ਹਜ਼ਾਰ ਰੁਪਏ' ਜਮ੍ਹਾਂ ਕਰਵਾਉਣ ਦੀ ਕਾਰਵਾਈ ਲਈ ਲਾਹਨਤਾ ਪਾਈਆਂ ਗਈਆਂ। 'ਸਰ' ਸੁੰਦਰ ਸਿੰਘ ਮਜੀਠੀਆ ਮਾਈਕਲ ਓਡਵਾਇਰ ਲਈ ਫੰਡ ਇਕੱਠਾ ਕਰਨ ਵਾਲੀ ਕਮੇਟੀ ਦਾ ਮੁਖੀ ਸੀ।

> ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ ਚੰਦ ਨਵਾਂ ਨਾਲ ਸਾਨ- ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ । ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ।

ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ। ਕੈਨੇਡਾ ਵਾਪਸੀ ਦੌਰਾਨ ਆਪ ਕਾਮਾਗਾਟਾ ਮਾਰੂ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਵੀ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ 'ਸ਼ੋਅਰ ਕਮੇਟੀ' ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ 23 ਜੁਲਾਈ 1914 ਨੂੰ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੂਮਸ ਬਾਰਡਰ 'ਤੇ ਇਨ੍ਹਾਂ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ।

ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ ਚੰਦ ਨਵਾਂ ਨਾਲ ਸਾਨ- ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ । ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ 'ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼' ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਜਿਆਣ ਗੱਦਾਰ ਵੈਨਕੂਵਰ ਦੇ ਸਾਥੀ 'ਟਾਊਟ ਗੰਗਾ ਰਾਮ' ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ, ਜਿਨ੍ਹਾਂ ਦੇ ਆਧਾਰ ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ ਭਾਰਤ 'ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ- ਏ -ਮੌਤ ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ।

ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੀ ਇਹ ਸ਼ਬਦ ਜ਼ਿਕਰਯੋਗ ਹਨ : "ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।" 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ 'ਆਖਰੀ ਮੁਲਾਕਾਤ' ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ-ਮਰਨ ਦਾ ਸੀ। ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗਿਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ ਜ਼ਫ਼ਰਨਾਮਾ ਵਿੱਚੋਂ ਇਹ ਸ਼ਬਦ ਅੰਕਿਤ ਸਨ "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥" ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਵੱਧ- ਚੜ ਕੇ ਪਹੁੰਚਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ 'ਵਿਚਾਰਾਂ ਅਤੇ ਹਥਿਆਰਾਂ' ਦੇ ਸੰਘਰਸ਼ ਨਾਲ ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ

"ਜਦ ਧਿਰ ਉਪਾਵਾਂ ਦੀ ਹਾਰਦੀ ਹੈ,
ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।"


AMA CONCRETE
Commercial & Residential

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472



J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates
Best Price

Sarbjit: 604.841.9849



SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

ਚੀਨੀ ਮਾਪਿਆਂ ਦਾ ਪਾਗਲਪਣ

# ਸੁਪਰ ਕਿਡ ਬਣਾਉਣ ਲਈ ਬੱਚਿਆਂ ਨੂੰ 'ਚਿਕਨ ਬਲਡ ਇੰਜੈਕਸ਼ਨ ਲਵਾਉਣ ਲੱਗੇ





ਬੀਜ਼ਿੰਗ-ਜੋ ਚੀਨੀ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਸੁਪਰ ਕਿਡ ਬਣਨ ਅਤੇ ਹਰ ਖੇਤਰ ਵਿੱਚ ਸਫਲ ਹੋਣ, ਉਹ ਦੇਸ਼ ਵਿੱਚ 'ਚਿਕਨ ਪੇਰੈਂਟਿੰਗ' ਦੀ ਮਾਨਤਾ ਦਾ ਰਾਗ ਗਾ ਰਹੇ ਹਨ। ਮਾਪੇ ਪਾਗਲਪਣ ਵਿੱਚ ਆਪਣੇ ਬੱਚਿਆਂ ਨੂੰ 'ਚਿਕਨ ਬਲਡ ਇੰਜੈਕਸ਼ਨ ਲਵਾ ਰਹੇ ਹਨ। ਉਹ ਇਸ ਇੰਜੈਕਸ਼ਨ ਨੂੰ ਬੱਚਿਆਂ ਵਿੱਚ ਬਾਂਝਪਨ, ਕੈਂਸਰ ਅਤੇ ਗੰਜਾਪਨ ਸਹਿਤ ਕਈ ਸਿਹਤ ਸਮੱਸਿਆਵਾਂ ਦਾ ਰਾਮਬਾਣ ਇਲਾਜ ਮੰਨਦੇ ਹਨ। ਸਿੰਗਾਪੁਰ ਪੋਸਟ ਦੀ ਰਿਪੋਰਟ ਅਨੁਸਾਰ ਚਿਕਨ ਬਲਡ ਸਟੀਰਾਇਡ ਸਰੀਰਕ ਐਨਰਜੀ ਵਧਾਉਂਦਾ ਹੈ ਅਤੇ ਬੱਚਿਆਂ ਨੂੰ ਸਿੱਖਿਆ ਦੇ ਨਾਲ-ਨਾਲ ਖੇਡਾਂ ਵਿੱਚ ਵੱਡੇ ਪੈਮਾਨੇ ਉੱਤੇ ਚੰਗਾ ਪ੍ਰਦਰਸ਼ਨ ਕਰਨ ਵਿੱਚ ਮਦਦ ਕਰਦਾ ਹੈ।ਰਿਪੋਰਟ ਵਿੱਚ ਇਥੇ ਵੀ ਕਿਹਾ ਗਿਆ ਹੈ ਕਿ 'ਚਿਕਨ ਬੇਬੀ ਦੀ ਇਹ ਮਾਨਤਾ ਦੇਸ਼ ਵਿੱਚ ਕਾਫੀ ਲੋਕਪ੍ਰਿਯ ਹੋ ਗਈ ਹੈ, ਖਾਸ ਕਰ ਕੇ ਬੀਜ਼ਿੰਗ, ਸੰਘਾਈ ਅਤੇ ਗਵਾਂਗਝੂ ਵਰਗੇ ਸ਼ਹਿਰਾਂ ਵਿੱਚ, ਜਿੱਥੇ ਕਈ ਜਨੂਨੀ ਮਧਿਅਮ ਵਰਗ ਚੀਨੀ ਮਾਪੇ ਹਨ। ਚਿਕਨ ਪਾਲਣ-ਪੋਸ਼ਣ ਸ਼ੈਲੀ ਅਮਰੀਕਾ ਵਿੱਚ ਪਾਈ ਜਾਣ ਵਾਲੀ 'ਹੈਲੀਕਾਪਟਰ ਪੇਰੈਂਟਿੰਗ ਦੇ ਬਰਾਬਰ ਹੈ।





# ਰੈਪਰ ਨੇ ਗੰਜੇ ਹੋਕੇ ਸੋਨੇ ਦੇ ਵਾਲ ਲਗਵਾਏ

ਮੈਕਸੀਕੋ-ਦੁਨੀਆ ਭਰ ਵਿੱਚ ਹਰ ਰੈਪਰ ਦਾ ਪਹਿਰਾਵਾ ਬੜਾ ਹੀ ਆਕਰਸ਼ਕ ਹੁੰਦਾ ਹੈ। ਇਸ ਲਈ ਜ਼ਿਆਦਾਤਰ ਲੋਕਾਂ ਦਾ ਧਿਆਨ ਉਨ੍ਹਾਂ ਵੱਲ ਚਲਾ ਜਾਂਦਾ ਹੈ। ਮੈਕਸੀਕੋ ਦੇ ਇੱਕ ਰੈਪਰ ਨੇ ਆਪਣੀ ਖੋਪੜੀ ਵਿੱਚ ਸੋਨੇ ਦੀ ਚੈਨ ਲਵਾਈ ਹੈ। ਡੈਨ ਸੁਰ ਨਾਂਅ ਦੇ ਮੈਕਸੀਕਨ ਰੈਪਰ ਦੇ ਸਿਰ ਤੇ ਵਾਲਾਂ ਦੀ ਜਗ੍ਹਾ ਸੋਨੇ ਦੀ ਚੇਨ ਦੇ ਗੁੱਛੇ ਲਟਕਦੇ ਦਿਖਾਈ ਦਿੰਦੇ ਹਨ। ਇੱਕ ਰਿਪੋਰਟ ਵਿੱਚ ਦੱਸਿਆ ਜਾ ਰਿਹਾ ਹੈ ਕਿ ਰੈਪਰ ਨੇ ਆਪਰੇਸ਼ਨ ਕਰਵਾ ਕੇ ਆਪਣੀ ਖੋਪੜੀ ਵਿੱਚ ਵਾਲਾਂ ਦੀ ਜਗ੍ਹਾ ਸੋਨੇ ਦੀ ਚੇਨ ਦੇ ਗੁੱਛੇ ਲਵਾ ਲਏ ਹਨ। ਇਹ ਸੋਨੇ ਦੇ ਗੁੱਛੇ ਉਸ ਦੇ ਸਿਰ ਤੇ ਲਟਕਦੇ ਹੋਏ ਚਿਹਰੇ ਤਕ ਨੂੰ ਪੂਰੀ ਤਰ੍ਹਾਂ ਕਵਰ ਕਰਦੇ ਹਨ। ਰੈਪਰ ਡੈਨ ਸੁਰ ਨੇ ਆਪਣੇ ਨਵੇਂ ਲੁਕ ਨੂੰ ਸੋਸ਼ਲ ਮੀਡੀਆ ਜ਼ਰੀਏ ਸ਼ੇਅਰ ਵੀ ਕੀਤਾ ਹੈ। ਉਸਨੇ ਕਿਹਾ ਕਿ ਮੇਰੇ ਸਿਰ ਵਿੱਚ ਇੱਕ ਹੁਕ ਨੂੰ ਲਾਇਆ ਗਿਆ ਹੈ। ਇਹ ਸੋਨੇ ਦੇ ਚੇਨ ਉਸੇ ਹੁਕ ਦੇ ਸਹਾਰੇ ਜੁੜੇ ਹੋਏ ਹਨ। ਰੈਪਰ ਨੇ ਇਹ ਵੀ ਦਾਅਵਾ ਕੀਤਾ ਕਿ ਇਸ ਦਿਲਚਸਪ ਲੁਕ ਨੇ ਉਸ ਨੂੰ ਆਪਣੇ ਸੰਗੀਤ ਕਰੀਅਰ ਵਿੱਚ ਇੱਕ ਨਵਾਂ ਰਾਹ ਬਣਾਉਣ ਵਿੱਚ ਮਦਦ ਕੀਤੀ ਹੈ। ਸੋਸ਼ਲ ਮੀਡੀਆ 'ਤੇ ਡੈਨ ਸੁਰ ਨੇ ਨਵੇਂ ਲੁਕ ਦੀਆਂ ਤਸਵੀਰਾਂ ਅਤੇ ਵੀਡੀਓਜ਼ ਖੂਬ ਵਾਇਰਲ ਹੋ ਰਹੇ ਹਨ।


TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197

9353 120st Delta BC (By Appointment)
www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .



ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।


PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਬੜਜਾਤੀਆ ਦੀ ਫ਼ਿਲਮ 'ਉਚਾਈ 'ਚ ਡੈਨੀ ਅਤੇ ਸਾਰਿਕਾ ਦੀ ਵੀ ਹੋਈ ਐਂਟਰੀ




ਸੂਰਜ ਬੜਜਾਤੀਆ ਇਨ੍ਹੀਂ ਦਿਨੀਂ ਆਪਣੀ ਨਵੀਂ ਫਿਲਮ 'ਉਚਾਈ ਦੀ ਸ਼ੂਟਿੰਗ ਸ਼ੁਰੂ ਕਰਨ ਦੀਆਂ ਤਿਆਰੀਆਂ ਵਿੱਚ ਬਿਜ਼ੀ ਹਨ। ਇਸ ਦੀ ਸ਼ੂਟਿੰਗ ਦੇ ਲਈ ਮੇਕਰਸ ਅਕਤੂਬਰ ਵਿੱਚ ਚਾਲੀ ਦਿਨਾਂ ਦੀ ਸ਼ੂਟਿੰਗ ਦੇ ਲਈ ਨੇਪਾਲ ਜਾਣਗੇ। ਅਮਿਤਾਭ ਬੱਚਨ, ਬੋਮਨ ਇਰਾਨੀ, ਅਨੁਪਮ ਖੇਰ, ਪਰਿਣੀਤੀ ਚੋਪੜਾ ਅਤੇ ਨੀਨਾ ਗੁਪਤਾ ਤਾਂ ਪਹਿਲਾਂ ਹੀ ਇਸ ਫਿਲਮ ਨਾਲ ਜੁੜੇ ਹਨ। ਹੁਣ ਇਸ ਨਾਲ ਡੈਨੀ ਅਤੇ ਸਾਰਿਕਾ ਵੀ ਜੁੜ ਗਏ ਹਨ। ਇਹ ਫਿਲਮ ਦੋਸਤੀ ਦੇ ਜਜ਼ਬਾਤ ਨੂੰ ਸਮਰਪਿਤ ਹੈ। ਨੇਪਾਲ ਦੇ ਇਲਾਵਾ ਅਗਲੇ ਸਾਲ ਇਹ ਮੁੰਬਈ ਅਤੇ ਦਿੱਲੀ ਵਿੱਚ ਸ਼ੂਟ ਹੋਵੇਗੀ। ਇਸ ਨੂੰ ਮਾਰਚ ਤੱਕ ਪੂਰਾ ਕੀਤੇ ਜਾਣ ਦੀ ਤਿਆਰੀ ਹੈ। ਇਨ੍ਹਾਂ ਤਿਆਰੀਆਂ ਨੂੰ ਲੈ ਕੇ ਸੂਰਜ ਬੜਜਾਤੀਆ ਜਾਂ ਫਿਲਮ ਦੀ ਬਾਕੀ ਕਾਸਟ ਵੱਲੋਂ ਅਨਾਊਂਸਮੈਂਟ ਆਉਣੀ ਬਾਕੀ ਹੈ।



# ਰਣਬੀਰ ਕਪੂਰ ਨਾਲ ਸਕਰੀਨ ਸਾਂਝੀ ਕਰਨਾ ਚਾਹੁੰਦੈ ਰਾਜਵੀਰ ਸਿੰਘ

ਮੁੰਬਈ-ਸ਼ੋਅ 'ਕੁਰਬਾਨ ਹੁਆ' ਵਿੱਚ ਨੀਲ ਦੀ ਭੂਮਿਕਾ ਨਿਭਾਉਣ ਵਾਲਾ ਟੈਲੀਵਿਜ਼ਨ ਅਦਾਕਾਰ ਰਾਜਵੀਰ ਸਿੰਘ ਬੌਲੀਵੁੱਡ ਸਟਾਰ ਰਣਬੀਰ ਕਪੂਰ ਦੀ ਸ਼ਖ਼ਸੀਅਤ ਅਤੇ ਉਸ ਦੀ ਅਦਾਕਾਰੀ ਤੋਂ ਬਹੁਤ ਪ੍ਰਭਾਵਿਤ ਹੈ। ਰਣਬੀਰ ਕਪੂਰ ਦੇ ਅਦਾਕਾਰੀ ਦੇ ਹੁਨਰ ਤੋਂ ਪ੍ਰਭਾਵਿਤ ਰਾਜਵੀਰ ਸਿੰਘ ਨੂੰ ਹਮੇਸ਼ਾ ਤੋਂ ਰਣਬੀਰ ਨਾਲ ਸਕਰੀਨ ਸਾਂਝੀ ਕਰਨ ਦੀ ਇੱਛਾ ਰਹੀ ਹੈ। ਰਾਜਵੀਰ ਸਿੰਘ ਨੇ ਕਿਹਾ, "ਮੈਂ ਕਦੇ ਕਿਸੇ ਅਦਾਕਾਰ ਨੂੰ ਬਹੁਗੁਣੀ ਨਹੀਂ ਦੇਖਿਆ, ਜਦੋਂ ਉਹ ਅਦਾਕਾਰੀ ਕਰਦਾ ਹੈ ਤਾਂ ਫਿਲਮਾਂ ਵਿੱਚ ਉਸ ਦੇ ਕਿਰਦਾਰ ਉੱਭਰ ਕੇ ਸਾਹਮਣੇ ਆਉਂਦੇ ਹਨ। ਦਰਅਸਲ, ਰਣਬੀਰ ਕਪੂਰ ਇੱਕ ਅਜਿਹਾ ਵਿਅਕਤੀ ਹੈ, ਜੋ ਅਦਾਕਾਰੀ, ਪੇਸ਼ਕਾਰੀ ਅਤੇ ਹਰ ਗੀਜ਼ ਵਿੱਚ ਜਾਨ ਪਾ ਦਿੰਦਾ ਹੈ। ਉਹ ਕਿਰਦਾਰ ਨੂੰ ਤਨ ਅਤੇ ਮਨ ਤੋਂ ਅਪਣਾਉਂਦਾ ਹੈ, ਜੋ ਹਮੇਸ਼ਾ ਮੈਨੂੰ ਪ੍ਰਭਾਵਿਤ ਕਰਦਾ ਹੈ। ਮੇਰੇ ਲਈ ਇਹ ਬੇਹੱਦ ਮਾਣ ਅਤੇ ਖ਼ੁਸ਼ੀ ਵਾਲੀ ਗੱਲ ਹੋਵੇਗੀ, ਜੇਕਰ ਮੈਨੂੰ ਉਸ ਨਾਲ ਸਕਰੀਨ ਸਾਂਝੀ ਕਰਨ ਦਾ ਇੱਕ ਵੀ ਮੌਕਾ ਮਿਲੇ। ਇਹ ਇਸ ਲਈ ਨਹੀਂ ਕਿ ਉਹ ਇੱਕ ਸਟਾਰ ਹੈ, ਬਲਕਿ ਇਸ ਲਈ ਕਿ ਜਦੋਂ ਉਹ ਕੋਈ ਕਿਰਦਾਰ ਨਿਭਾਉਂਦਾ ਹੈ ਤਾਂ ਉਸੇ ਭੂਮਿਕਾ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ। ਰਾਜਵੀਰ ਸਿੰਘ ਦਾ ਸ਼ੋਅ 'ਕੁਰਬਾਨ ਹੁਆ ਜ਼ੀ ਟੀਵੀ 'ਤੇ ਦਿਖਾਇਆ ਜਾਂਦਾ ਹੈ।




# ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਗੁਰਦਾਸ ਮਾਨ ਨੂੰ ਅਗਾਊਂ ਜ਼ਮਾਨਤ ਦਿੱਤੀ



ਚੰਡੀਗੜ੍ਹ-ਐਡੀਸ਼ਨਲ ਸੈਸ਼ਨ ਜੱਜ ਵੱਲੋਂ 26 ਅਗਸਤ ਨੂੰ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਾਮਲੇ ਵਿੱਚ ਗੁਰਦਾਸ ਮਾਨ ਦੀ ਪਟੀਸ਼ਨ ਨੂੰ ਖਾਰਜ ਕਰਨ ਦੇ ਹਫਤੇ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਪੰਜਾਬੀ ਗਾਇਕ ਨੂੰ ਅੰਤ੍ਰਿਮ ਅਗਾਊਂ ਜ਼ਮਾਨਤ ਦੇ ਦਿੱਤੀ। ਉਨ੍ਹਾਂ ਨੂੰ ਹਫ਼ਤੇ ਦੇ ਅੰਦਰ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ। ਜਸਟਿਸ ਅਵਨੀਸ਼ ਝਿੰਗਨ ਨੇ ਸਪੱਸ਼ਟ ਕੀਤਾ ਕਿ ਗਾਇਕ ਨੂੰ ਹਿਰਾਸਤ ਵਿੱਚ ਲੈਣ ਦੀ ਲੋੜ ਨਹੀਂ ਕਿਉਂਕਿ ਉਸ ਤੋਂ ਕੁਝ ਵੀ ਬਰਾਮਦ ਨਹੀਂ ਕੀਤਾ ਜਾਣਾ।

# ਯਾਮੀ ਨੂੰ ਡਰਾਉਣੀ ਦਿੱਖ 'ਚ ਆਉਣ ਲਈ ਤਿੰਨ ਘੰਟੇ ਲੱਗੇ



ਮੁੰਬਈ-ਅਦਾਕਾਰਾ ਯਾਮੀ ਗੌਤਮ ਦਾ ਕਹਿਣਾ ਹੈ ਉਸ ਲਈ 'ਭੂਤ ਪੁਲੀਸ ਚ ਉਹ ਕਿਰਦਾਰ ਨਿਭਾਉਣਾ ਸੌਖਾ ਨਹੀਂ ਸੀ ਜਦੋਂ ਉਸ ਦੇ ਸਰੀਰ ਤੇ ਕੋਈ ਹੋਰ ਆਤਮਾ ਕਬਜ਼ਾ ਕਰ ਲੈਂਦੀ ਹੈ। ਉਸ ਨੂੰ ਇਸ ਕਿਰਦਾਰ ਵਾਸਤੇ ਤਿਆਰ ਹੋਣ ਲਈ ਲਗਪਗ ਤਿੰਨ ਘੰਟੇ ਦਾ ਸਮਾਂ ਲੱਗਿਆ ਅਤੇ ਹਿਮਾਚਲ ਪ੍ਰਦੇਸ਼ ਦੀਆਂ ਠੰਢੀਆਂ ਰਾਤਾਂ ਵਿੱਚ ਨੰਗੇ ਪੈਰ ਸ਼ੂਟਿੰਗ ਕਰਨੀ ਪਈ। ਉਸ ਨੇ ਇੰਸਟਾਗ੍ਰਾਮ ਤੇ ਸ਼ੂਟਿੰਗ ਦੇ ਪਲ ਸਾਂਝੇ ਕਰਦਿਆਂ ਲਿਖਿਆ, "ਡਰਾਉਣੀਆਂ ਫਿਲਮਾਂ ਲਈ ਮੇਰੇ ਪਿਆਰ ਨੇ ਮੈਨੂੰ 'ਭੂਤ ਪੁਲੀਸ ਵਿੱਚ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਇਹ ਸੌਖਾ ਨਹੀਂ ਸੀ ਕਿਉਂਕਿ ਮੈਨੂੰ ਇਸ ਦਿੱਖ ਵਿੱਚ ਆਉਣ ਲਈ ਲਗਪਗ ਤਿੰਨ ਘੰਟੇ ਲੱਗ ਗਏ ਤੇ 45 ਮਿੰਟ ਇਸ ਤੋਂ ਬਾਹਰ ਆਉਣ ਲਈ ਲੱਗੇ। ਹਿਮਾਚਲ ਪ੍ਰਦੇਸ਼ ਦੀਆਂ ਠੰਢੀਆਂ ਰਾਤਾਂ ਵਿੱਚ ਹਰ ਰੋਜ਼ ਨੰਗੇ ਪੈਰ ਅਤੇ ਕੇਬਲ ਦੀ ਵਰਤੋਂ ਕਰ ਕੇ ਸ਼ੂਟਿੰਗ ਕਰਨੀ ਪਈ।

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ



ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

# SHRI GURU RAVIDASS SABHA, VANCOUVER

7271 - GILLEY AVENUE, BURNABY BC CANADA, V5J 4W9 TEL: 604 435 9997 FAX: 604 435 7771

Web: www.gururavidasssabha.ca E-mail: info@gururavidasssabha.com


ਜੈ ਗੁਰੂਦੇਵ ।।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।।

ਜੈ ਭੀਮ ।।

ਗੁਰੂ ਪਿਆਰੀ ਸਾਧ ਸੰਗਤ ਜੀਉ, ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਿਹ ।।

## ਵਿਸ਼ੇਸ਼ ਪ੍ਰੋਗਰਾਮ



## ਧੰਨ ਧੰਨ 108 ਹਜ਼ੂਰ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ

## ਜੀ ਦੀ 81ਵੀਂ. ਬਰਸੀ

ਮਿਤੀ 17,18,19, ਸਤੰਬਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ । ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਤਿੰਨੋਂ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ਅਤੇ ਰੌਣਕਾਂ ਨੂੰ ਵਧਾਓ ਜੀ ।

17 ਸਤੰਬਰ 2021 ਦਿਨ ਸ਼ੁੱਕਰਵਾਰ ਨੂੰ ਸਵੇਰੇ 9:30 ਵਜੇ ਦੋ ਅਖੰਡ ਪਾਠ ਸਾਹਿਬ ਅਰੰਭ ਹੋਣਗੇ ।

ਪਹਿਲੇ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵਲੋਂ ਕੀਤੀ ਜਾਵੇਗੀ ।

ਦੂਜੇ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ

ਸਵ: ਸ਼੍ਰੋਮਣੀ ਢਾਡੀ ਸਰਵਣ ਸਿੰਘ ਨਾਜਕ ਜੀ ਰਟੈਂਡਾ ਅਤੇ ਸਵ: ਬੀਬੀ ਸੁਰਜੀਤ ਕੌਰ ਜੀ ਦੇ ਸਪੁੱਤਰ ਜਸਵਿੰਦਰ ਸਿੰਘ ਮਹਿਮੀ ਅਤੇ ਕ੍ਰਿਸ਼ਨਾ ਮਹਿਮੀ ਉਨ੍ਹਾਂ ਦੀਆਂ ਬੇਟੀਆਂ ਜਸਪ੍ਰੀਤ, ਨਵਪ੍ਰੀਤ ਅਤੇ ਸਮੂਹ ਮਹਿਮੀ ਪਰਿਵਾਰ ਵਲੋਂ ਰਾਜਾ ਸਾਹਿਬ ਜੀ ਦੀਆਂ ਬਖਸ਼ੀਆਂ ਦਾਤਾ ਦਾ ਸ਼ੁਕਰਾਨਾ ਕਰਨ ਲਈ ਕਰਵਾਈ ਜਾ ਰਹੀ ਹੈ ।

19 ਸਤੰਬਰ 2021 ਦਿਨ ਐਤਵਾਰ ਨੂੰ ਸਵੇਰੇ 9:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ।

ਉਪਰੰਤ ਕੀਰਤਨ ਅਤੇ ਕਥਾ ਦੇ ਦਿਵਾਨ ਸਜਾਏ ਜਾਣਗੇ ।

ਭਾਈ ਭੁਪਿੰਦਰ ਸਿੰਘ ਜੀ ਹੁਸ਼ਿਆਰਪੁਰ ਵਾਲੇ ਅਤੇ ਸਮਰਾਏ ਵਾਲੀਆਂ ਬੀਬੀਆਂ ਦਾ ਕੀਰਤਨੀ ਜਥਾ ਸੰਗਤਾਂ ਨੂੰ ਆਪਣੇ ਕੀਰਤਨ ਨਾਲ ਨਿਹਾਲ ਕਰੇਗਾ ।

ਗੁਰੂ ਕੀ ਸਾਧ ਸੰਗਤ ਜੀ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

**More information contact: Harbhajan Singh Bhumrah (604 803 1505), Ramesh Saroya (604 341 2652), Balbir Heer (778 552 0028)**

Watch Live Programme on Facebook page at Shri Guru Ravidass Sabha Vancouver, British Columbia.

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਪਤੇ, ਫੋਨ ਨੰਬਰ ਅਤੇ ਈ ਮੇਲ ਬਦਲ ਗਏ ਹਨ, ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਨੋਟ ਕਰਵਾ ਦਿਉ ਜੀ ।

ਲੰਗਰ, ਵਿਆਹ ਸਾਦੀ, ਅਖੰਡ ਪਾਠ ਸਾਹਿਬ, ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ ਬੁਕਿੰਗ ਕਰਵਾਉਣ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :

To book programs or gurdwara seva and other information please contact: 604 435 9997

ਅਸੀਂ ਗੁਰੂ ਰਵਿਦਾਸ ਸਭਾ 'ਚ ਲੰਗਰ ਸੇਵਾ ਲੈਣ ਲਈ ਕਮਿਊਨਿਟੀ/ਸੰਗਤ ਨੂੰ ਬੇਨਤੀ ਕਰਦੇ ਹਾਂ । ਲੰਗਰ ਸੇਵਾ ਦੇ ਦਿਨਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਲੈਣ ਲਈ ਕ੍ਰਿਪਾ ਸੰਪਰਕ ਕਰੋ :-

| President | Vice President | General Secretary | Assistant Secretary | Treasurer | Assistant Treasurer |
|---|---|---|---|---|---|
| Rajesh Toora (Rick) | Surinder Ranga | Surinder Sandhu | Dr. Harjinder Jassal | Rakesh Kumar (Patara) | Parmjeet Saroya |
| 604 671 3853 | Rashpal Lakha | 778 788 0357 | | 778 898 9685 | |


**BOARD OF DIRECTORS**

Nachhatter Singh Binji (Director)
Surinder Kalsi (Director)
Som Nath Raju (Director)
Sarbjit Kumar Dadral (Director)
Satvir Sunder (Director)

**BOARD OF TRUSTEES**

Dharmpall Kajal (Spokesperson) (Trustees)
Mohan Lal Chaunkaria (Trustees)
Harbhajan Lal Birdi (Trustees)
Amartej Virdi (Trustees)
Buta Ram Kainth (Trustees)
Gurmit Ram Bains (Trustees)


Practice Social Distancing
While shopping please maintain required 6 feet distance and follow markers to avoid the spread of virus
fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Sunbec Table Salt 1 kg
ਸਨਬਿੱਕ ਲੂਣ
98¢ ea.
Pink Lady & Red Delicious Apples USA #1
ਪੀਂਕ ਲੇਡੀ ਐਪਲ ਅਤੇ ਲਾਲ ਸਵਾਦ ਸੇਬ ਯੂ.ਐਸ.ਏ #੧
98¢ lb
Green, Red, Yellow & Orange Bell Peppers
ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
98¢ lb
Green Cabbage BC
ਹਰੀ ਬੰਦ ਗੋਭੀ ਬੀਸੀ
48¢ lb
Green or Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.98 lb
Fresh Garlic
ਤਾਜਾ ਲਸਣ
$1.48 lb
Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$8.99 bag
Extra Super Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$1.98 ea.
Extra Super Super Special
Okra
ਭਿੰਡੀ
$1.98 lb
Super Special
Cilantro
ਧਨੀਆ
3 bunches for 99¢
Super Special
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag
Super Special
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.99 bag
Super Special
Yellow Onions 50 lbs
ਪੀਲੇ ਗੰਢੇ
$9.98 bag
Super Special
Small Taro (Urbi)
ਅਰਬੀ (ਛੋਟੀ ਤਾਰੋ)
89¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
BC Gala Apples
ਬੀਸੀ ਗਾਲਾ ਸੇਬ
88¢ lb
Peaches & Nectarines
ਆੜੂ ਅਤੇ ਨਿਕਟੇਰੀਨਸ
$1.49 lb
Zucchini Squash
ਜ਼ੁਕੀਨੀ ਸਕੁਐਸ਼
88¢ lb
Almonds
ਬਦਾਮ
$3.98 lb
KTC Red Kidney Beans 398 ml
ਕੇ ਟੀ ਸੀ ਰੈਡ ਕਿਡਨੀ ਬੀਨਜ਼ 398 ਮਿ.ਲੀ.
2 for $1.50
Pesi Gur Plain
ਪੇਸ਼ੀ ਗੁੜ
$2.49 lb
Krispy & Krunchy (Pistachio, Honey Almond & Cashew 400 g
ਕ੍ਰਿਸਪੀ ਕਰੰਚੀ ਬਿਸਕੁਟ (ਕਾਜੂ, ਸ਼ਹਿਦ, ਪਿਸਤਾ ਅਤੇ ਸ਼ਹਿਦ ਬਦਾਮ)
$1.99 pkg.
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Product images may differ from the actual product.
Thur Sep 16, 2021 - Wed Sep 22, 2021
We reserve the right to limit the quantities while they last
NEW LOCATION NOW OPEN
101-331 6TH STREET
NEW WESTMINSTER, BC
TEL: 604-395-3595
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ---- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520